# ਧਰਮ ਪ੍ਰਚਾਰ (ਭਾਗ–9)

(ਅਧਿਆਤਮਕ ਪੱਖ)

ਫੁੱਲ, ਨਾਲ ਲਿਖੇ ਹੁਕਮ ਅਨੁਸਾਰ :—

ਜੀਂਦਾ

ਥੀਂਦਾ

ਮੌਲਦਾ

ਖਿੜਦਾ

ਮਹਿਕਦਾ

ਡੁੱਲ—ਡੁੱਲ ਪੈਂਦਾ ਹੋਇਆ,

ਰੱਬ ਦੀਆਂ ਬਖਸ਼ੀਆਂ ਹੋਈਆਂ 'ਦਾਤਾਂ' :—

ਰੰਗ

ਰਸ

ਸੁਹੱਪਣ

ਕੋਮਲਤਾ

ਮਹਿਕ

ਖੇੜਾ

ਚਾਉ

ਖੁਸ਼ੀ

ਪਿਆਰ

ਖਿੱਚ,

ਅਨਜਾਣੇ ਹੀ, ਸਹਿਜ ਸੁਭਾਇ :—

ਖਲੇਰਦਾ

ਪ੍ਰਕਾਸ਼ਦਾ

ਵੰਡਦਾ ਹੋਇਆ

ਆਪਣਾ 'ਆਪਾ' ਅਹਿਨਿਸ ਵਾਰੀ ਜਾਂਦਾ ਹੈ, ਅਤੇ ਉਸ ਦੇ 'ਆਪੇ ਵਿਚ' ਇਲਾਹੀ ਜਲਵੇ ਦਾ —

ਪ੍ਰਗਟ ਹੋਣਾ

ਪ੍ਰਕਾਸ਼ ਹੋਣਾ

ਗੱਜਣਾ

ਹੀ, ਫੁੱਲ ਦਾ —

ਧਰਮ ਹੈ

ਧਰਮ ਪ੍ਰਚਾਰ ਹੈ

ਭਗਤੀ ਹੈ

ਜੀਵਨ ਹੈ

ਕਲਿਆਨ ਹੈ

ਅਤੇ 'ਅਵਰਹ ਨਾਮੁ ਜਪਾਵਹੁ' ਦਾ ਪ੍ਰਤੀਕ ਹੈ ।

ਉਪਰੋਕਤ ਉਦਾਹਰਣ ਵਿਚ ਇਕ 'ਅੰਤਰ' ਵਾਲਾ ਨੁਕਤਾ ਹੈ । ਜਿਸ ਨੂੰ ਸਮਝਣ ਦੀ ਲੋੜ ਹੈ।

'ਫੁੱਲ' ਦੀ ਸਾਰੀ ਕਿਰਿਆ, ਅਨਜਾਣੇ ਹੀ ਹੋ ਰਹੀ ਹੈ, ਪਰ ਗੁਰਮੁਖ ਜਨ —

ਪੂਰਨ ਆਤਮਿਕ ਸੋਝੀ ਵਿਚ,

ਸਤਿਗੁਰੂ ਦੀ ਸ਼ਰਧਾ ਭਾਵਨੀ ਵਿਚ,



ਪ੍ਰੇਮ-ਸਵੈਪਨਾ ਦੀ ਰੋੜ੍ਹ ਵਿਚ, (in overflowing

divine love)

'ਹੁਕਮ' ਦੀ ਕਾਰ ਕਰਦਾ ਹੋਇਆ, 'ਪਰਉਪਕਾਰੀ ਜੀਵਨ' ਬਤੀਤ ਕਰਦਾ ਹੈ ।

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
(ਪੰਨਾ—273)

ਏਸੇ ਤਰ੍ਹਾਂ ਗੁਰਮੁਖ ਜਨ — 'ਫੁੱਲ' ਵਾਂਗ ਸਹਿਜ ਸੁਭਾਇ ਅਛੋਪ ਹੀ ਅਤੇ ਚੁੱਪ-ਚੁਪੀਤੇ ਹੀ 'ਆਪਿ ਜਪਹੁ ਅਵਰਹ ਨਾਮੁ ਜਪਾਵਹੁ' ਦੇ —

ਅੰਤ੍ਰੀਵ ਭਾਵ
ਅਨੁਭਵੀ ਅਰਥ
ਆਤਮਿਕ ਸੋਝੀ
'ਅਕਥ-ਕਥਾ'
'ਤਤ' ਗਿਆਨ
ਗੁੱਝੇ ਭੇਦ
ਆਤਮਿਕ ਪ੍ਰਕਾਸ਼

ਵਿਚ, ਇਸ ਗੁਰਬਾਣੀ ਦੀ ਪੰਗਤੀ ਦੇ ਆਦੇਸ਼ ਨੂੰ ਕਮਾਉਂਦਾ ਹੋਇਆ, ਆਪਣੇ ਜੀਵਨ ਵਿਚ —

ਨਿਜੀ ਤਜਰਬੇ
ਅਭਿਆਸ ਕਮਾਈ
ਅਨੁਭਵੀ ਗਿਆਨ
ਕਹਿਣੀ-ਰਹਿਣੀ
ਆਤਮਿਕ ਕਿਰਨਾਂ
ਪ੍ਰੇਮ ਛੋਹ
ਪ੍ਰੇਮ-ਨਿਗਾਹ

ਦੁਆਰਾ—ਆਤਮਿਕ 'ਧਰਮ ਪ੍ਰਚਾਰ' ਕਰ ਰਿਹਾ ਹੈ ।

ਇਹੋ ਹੀ ਆਤਮਿਕ ਮੰਡਲ ਦਾ ਉੱਚਾ-ਸੁੱਚਾ, ਇਲਾਹੀ, ਅਨੁਭਵੀ ਧਰਮ ਪ੍ਰਚਾਰ ਹੈ । ਜੋ ਕਿ ਉਪਰਲੀ ਪੰਗਤੀ ਦਾ ਸਹੀ ਆਤਮਿਕ ਆਦੇਸ਼ ਦਾ ਪ੍ਰਤੀਕ ਤੇ ਪ੍ਰਗਟਾਵਾ ਹੈ, ਜਿਸ ਦੀ ਅਕ੍ਰਿਥਨ, ਦਾਮਨਿਕ ਪ੍ਰੇਮ-ਭਾਵਨਾ ਦੇ ਅਸਰ (magnetic

inspiration of Divine Love) ਨਾਲ ਜਗਿਆਸੂ ਦਾ ਸਰੀਰਕ, ਮਾਨਸਿਕ ਅਤੇ ਆਤਮਿਕ ਜੀਵਨ ਉਕਾ ਹੀ ਬਦਲ ਜਾਂਦਾ ਹੈ ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥
(ਪੰਨਾ—1374)

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥
(ਪੰਨਾ—345)

ਉਪਰੋਕਤ ਦਸੇ ਹੋਏ ਆਤਮਿਕ ਨੁਕਤੇ, ਅਤਿ-ਸੂਖਮ ਤੇ ਸਾਰ-ਰੂਪ ਹਨ, ਇਸ ਲਈ ਇਨ੍ਹਾਂ ਨੂੰ ਹੋਰ ਸਪਸ਼ਟ ਕਰਨ ਲਈ, ਹੋਰ ਵਿਸਤਾਰ ਕੀਤਾ ਜਾਂਦਾ ਹੈ ।

ਸੂਰਜ ਵਿਚ ਬਹੁਤ ਸਾਰੇ ਗੁਣ ਹਨ, ਜੋ ਕਿ ਉਸ ਦੀ 'ਧੁਪ ਰਾਹੀਂ' ਪ੍ਰਕਾਸ਼ਤ ਤੇ ਪ੍ਰਗਟ ਹੋ ਰਹੇ ਹਨ । ਏਸੇ ਤਰ੍ਹਾਂ ਅਕਾਲ ਪੁਰਖ ਦੇ ਬੇਅੰਤ ਗੁਣ, ਇਲਾਹੀ 'ਜੀਵਨ-ਰੌਂ', 'ਸ਼ਬਦ', 'ਨਾਮ' ਆਦਿ, ਇਲਾਹੀ ਹੁਕਮ ਰਾਹੀਂ ਪ੍ਰਗਟ ਤੇ ਪ੍ਰਕਾਸ਼ਤ ਹੋ ਰਹੇ ਹਨ । ਇਨ੍ਹਾਂ ਬੇਅੰਤ ਰੱਬੀ ਗੁਣਾਂ ਵਿਚੋਂ ਸ੍ਰੇਸ਼ਟ ਤੇ ਮੁੱਢਲੇ ਗੁਣ ਇਲਾਹੀ 'ਪ੍ਰੀਤ, ਪ੍ਰੇਮ, ਪਿਆਰ' ਹੈ । ਬਾਕੀ ਹੋਰ ਸਾਰੇ ਰੱਬੀ ਗੁਣ, ਇਲਾਹੀ ਪ੍ਰੀਤ, ਪ੍ਰੇਮ, ਪਿਆਰ ਦੀਆਂ ਹੀ —

ਕਿਰਨਾਂ ਹਨ
ਪ੍ਰਗਟਾਵਾ ਹਨ
ਪ੍ਰਕਾਸ਼ ਹੈ
ਸ਼ਕਤੀ ਹੈ
ਮਹਿਕ ਹੈ
ਉਮਾਹ ਹੈ
ਲਾਡ ਹੈ
ਖਿੱਚ ਹੈ
ਨਿੱਘ ਹੈ ।

ਏਸੇ ਕਰਕੇ ਅਕਾਲ ਪੁਰਖ ਨੂੰ 'ਪ੍ਰੀਤਮ','ਅਤਿ ਪ੍ਰੀਤਮ' , 'ਪ੍ਰੇਮ ਪੁਰਖ' ਆਦਿ ਲਫਜ਼ਾਂ ਨਾਲ ਸੰਬੋਧਨ ਕੀਤਾ ਗਿਆ ਹੈ । ਪ੍ਰਭੂ ਪ੍ਰਤੀ—ਮਾਂ, ਬਾਪ, ਬੰਧਪ, ਸਾਹਿਬ, ਸਾਜਨ, ਪ੍ਰਿਅ ਆਦਿ ਦੇ ਸੰਬੰਧ, ਉਸੇ ਪ੍ਰੀਤ-ਪਿਆਰ ਦੇ ਪ੍ਰਤੀਕ ਤੇ ਨਮੂਨੇ ਹਨ ।

'ਪ੍ਰੀਤ-ਪ੍ਰੇਮ-ਪਿਆਰ' ਦੇ ਸੂਖਮ ਵਲਵਲਿਆਂ ਦੇ ਅਤਿਅੰਤ ਕੋਮਲ ਪ੍ਰੇਮ-ਭਾਵਨਾ ਅਤੇ 'ਪ੍ਰੇਮ ਸਵੈਪਨਾ' ਰਾਹੀਂ, ਇਲਾਹੀ ਪ੍ਰੇਮ-ਰਾਗ ਦੀਆਂ ਅਨੇਕਾਂ ਰਾਗ-ਰਾਗਣੀਆਂ ਦੀਆਂ ਅਨਹਦ ਧੁਨੀਆਂ, ਆਪ ਮੁਹਾਰੇ, ਸਹਿਜ ਸੁਭਾਇ ਉਪਜਦੀਆਂ, ਮੌਲਦੀਆਂ, ਥਰ-ਥਰਾਉਂਦੀਆਂ, ਲਹਿਰਾਂਦੀਆਂ ਹੋਈਆਂ, ਜਗਿਆਸੂ ਦੇ ਅੰਤਰ-ਆਤਮੇ, ਹਿਰਦੇ ਦੀਆਂ ਕੋਮਲ ਕਿੰਗਰੀਆਂ ਨੂੰ ਛੋਹ ਜਾਂਦੀਆਂ ਹਨ, ਤੇ 'ਮਨ' ਨੂੰ ਅਲਮਸਤ ਮਤਵਾਰਾ ਕਰ ਦੇਂਦੀਆਂ ਹਨ, ਤੇ ਜਗਿਆਸੂ ਮੱਲੋ-ਮੱਲੀ ਕਹਿ ਉਠਦਾ ਹੈ —

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥
(**ਪੰਨਾ** - 1137)

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥
(**ਪੰਨਾ** - 370)

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥
(**ਪੰਨਾ** - 1137)

ਇਸ ਸੱਚੇ—ਸੁੱਚੇ ਇਲਾਹੀ ਪ੍ਰੇਮ ਵਿਚ —

ਤਾਂਘ ਹੈ
ਖਿੱਚ ਹੈ
ਸੇਵਾ ਭਾਵ ਹੈ
ਕੁਰਬਾਨੀ ਹੈ
'ਆਪਾ' ਵਾਰਨਾ ਹੈ
'ਭਲਾ ਮਨਾਇਦਾ' ਹੈ
'ਸਦ ਬਖਸਿੰਦੁ' ਹੈ
'ਸਦ ਮਿਹਰਵਾਨ' ਹੈ
'ਅਉਗੁਣ ਕੋ ਨਾ ਚਿਤਾਰਦਾ'

ਹੈ

ਗੁਰ ਪ੍ਰਸਾਦਿ ਹੈ

ਸਚ ਹੈ ।

ਇਹ ਸਾਰੇ ਇਲਾਹੀ ਗੁਣ, ਕਿਤੋਂ ਬਾਹਰੋਂ ਨਹੀਂ ਸਿੱਖੇ ਜਾ ਸਕਦੇ, ਪਰ ਗੁਰਮੁਖ ਪਿਆਰਿਆਂ ਦੇ ਅੰਤ੍ਰ–ਆਤਮੇ ਹਿਰਦੇ ਦੇ 'ਖੂਹਟੇ' ਵਿਚੋਂ, ਸਹਿਜ ਸੁਭਾਇ ਹੀ, ਗੁਰੂ ਦੀ ਕਿਰਪਾ ਦੁਆਰਾ ਫੁੱਟਦੇ ਹਨ, ਜਿਸ ਤਰ੍ਹਾਂ 'ਮਾਂ–ਪਿਆਰ' ਜਾਂ 'ਮੋਹ', ਬੱਚੇ ਦੇ ਜਨਮ ਦੇ ਨਾਲ ਹੀ, ਮਾਂ ਦੇ ਹਿਰਦੇ ਵਿਚ ਫੁੱਟ ਪੈਂਦਾ ਹੈ ।

ਜੀਵ ਦੇ ਅੰਤ੍ਰ–ਆਤਮੇ, ਇਲਾਹੀ 'ਜੋਤ' ਹੈ । ਇਸ ਲਈ ਸਾਰੇ ਇਲਾਹੀ ਗੁਣ ਭੀ, ਆਦਿ ਤੋਂ ਹੀ ਅੰਤ੍ਰ–ਆਤਮੇ ਗੁਪਤ ਤੌਰ ਤੇ ਭਰਪੂਰ ਹਨ ।

ਇਕ ਪਾਸੇ ਤਾਂ ਇਲਾਹੀ 'ਪ੍ਰੀਤ–ਤਰੰਗਾਂ', 'ਪਿਆਰ–ਉਛਾਲ', 'ਪ੍ਰੇਮ–ਸਵੈਪਨਾ' — ਜੀਵ ਦੀ ਆਤਮਾ ਵਿਚੋਂ, ਉਸ ਦੇ ਮਨ, ਤਨ, ਬੁੱਧੀ ਰਾਹੀਂ, ਫੁੱਲ ਦੀ ਸੁਗੰਧੀ ਵਾਂਗ ਬਾਹਰ ਨੂੰ ਪ੍ਰਗਟ ਤੇ ਪ੍ਰਕਾਸ਼ਤ ਹੋਣ ਲਈ ਤਾਂਘ ਰਹੀਆਂ ਹਨ ।

ਦੂਜੇ ਪਾਸੇ — ਅਕਾਲ ਪੁਰਖ ਆਪਣੀ ਇਲਾਹੀ ਬਖਸ਼ਿਸ਼ ਦੁਆਰਾ, ਆਪਣੇ 'ਅੰਸ਼–ਰੂਪ' ਜੀਵ ਨੂੰ, ਆਪਣੀ ਅਕਿਰਖਨ 'ਪ੍ਰੇਮ–ਡੋਰੀ' ਨਾਲ, ਆਪਣੀ ਨਿੱਘੀ ਗੋਦ ਵਲ, ਮਿਕਾਨਾਤੀਸੀ 'ਖਿੱਚ' ਪਾ ਰਿਹਾ ਹੈ ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥ (ਪੰਨਾ–204)

ਉਪਰਲੀਆਂ ਗੁਰਬਾਣੀ ਦੀਆਂ ਪੰਗਤੀਆਂ ਅਨੁਸਾਰ, ਬਖਸ਼ੇ ਹੋਏ, 'ਰਸਿਕ ਪੁਰਖੁ ਬੈਰਾਗੀ', ਮਹਾਂ ਪੁਰਖਾਂ ਦਾ ਤਨ, ਮਨ, ਧਨ, ਗੁਰ ਪ੍ਰਸਾਦਿ ਦੇ ਜਲਵੇ ਦੇ ਪ੍ਰਗਟਾਵੇ ਤੇ ਪ੍ਰਕਾਸ਼ ਲਈ ਮਾਧਿਅਮ (medium) ਜਾਂ ਪ੍ਰਣਾਲੀ ਬਣ ਜਾਂਦਾ ਹੈ ।

ਜਦ 'ਗੁਰ ਪ੍ਰਸਾਦਿ' ਦਾ ਇਲਾਹੀ 'ਜਲਵਾ' ਕਿਸੇ ਗੁਰਮੁਖ ਪਿਆਰੇ ਦੇ ਸਰੀਰ ਵਿਚੋਂ —

'ਸਫੁੱਟਤ' ਹੋ ਕੇ

'ਅੰਗ ਸੰਗ ਮੌਲਾ' ਹੋ ਕੇ

'ਪ੍ਰੀਤ–ਪ੍ਰੇਮ–ਰਸ' ਨਾਲ ਸਰਸ਼ਾਰ ਹੋ ਕੇ,

'ਗੋਬਿੰਦ ਗਜਿਆ' ਹੋ ਕੇ,

ਉਸ ਦੇ ਤਨ, ਮਨ, ਬੁੱਧੀ ਰਾਹੀਂ, ਬਾਹਰ ਵਲ ਵਗ ਟੁਰਦਾ ਹੈ, ਤਾਂ ਗੁਰਮੁਖ ਪਿਆਰੇ ਦੇ ਤਨ, ਮਨ ਰਾਹੀਂ ਇਲਾਹੀ ਧਰਮ ਪ੍ਰਚਾਰ ਸਹਿਜ-ਸੁਭਾਇ ਆਪ-ਮੁਹਾਰੇ ਹੋ ਰਿਹਾ ਹੁੰਦਾ ਹੈ ।

ਇਸ ਤਰ੍ਹਾਂ ਬਖਸ਼ੇ ਹੋਏ ਗੁਰਮੁਖ ਜਨ —

ਸਤਿਗੁਰ ਤੁਠੈ ਪਾਈਐ ਸਾਧ ਸੰਗਤਿ ਗੁਰਮਤਿ ਗੁਰਸਿਖੀ । (ਵਾ.ਭਾ.ਗੁ. 28/1)

ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥
(ਪੰਨਾ-907)

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
(ਪੰਨਾ-273)

ਦੇ ਇਲਾਹੀ ਉਪਦੇਸ਼ਾਂ ਨੂੰ, ਸਹਿਜ ਸੁਭਾਇ ਹੀ ਕਮਾ ਰਿਹਾ ਹੁੰਦਾ ਹੈ, ਅਤੇ ਆਤਮਿਕ ਮੰਡਲ ਦੇ ਅਨੁਭਵੀ ਧਰਮ ਦਾ 'ਪ੍ਰਚਾਰ' ਕਰ ਰਿਹਾ ਹੁੰਦਾ ਹੈ ।

ਇਨ੍ਹਾਂ ਗੁਰਮੁਖ ਪਿਆਰਿਆਂ — ਰਸਿਕ ਪੁਰਖੁ ਬੈਰਾਗੀ ਹਰਿ ਜਨਾਂ, ਦੇ ਅੰਦਰ 'ਹਉਮੈ' ਦਾ ਅਭਾਵ ਹੁੰਦਾ ਹੈ, ਤੇ ਉਹ ਸਹੀ ਅਰਥਾਂ ਵਿਚ, 'ਮੈਂ-ਮੇਰੀ' ਦੀ ਰੰਗਤ ਤੋਂ ਉਤਾਹਾਂ ਉਠ ਕੇ, 'ਨਾਨਕ ਘਰ ਦੇ ਬੈ-ਖਰੀਦ' ਗੋਲੇ ਬਣ ਕੇ, ਦੁਨੀਆਂ ਵਿਚ ਪਰਉਪਕਾਰੀ ਜੀਵਨ ਬਤੀਤ ਕਰਦੇ ਹਨ, ਅਤੇ ਨਾਲ-ਨਾਲ ਆਪਣਾ ਤੇ ਸੰਗੀਆਂ ਸਾਥੀਆਂ ਦਾ ਜੀਵਨ ਸਫਲ ਕਰੀ ਜਾਂਦੇ ਹਨ ।

ਉਪਰੋਕਤ ਦਰਸਾਏ ਇਲਾਹੀ ਗੁਣ ਤੇ ਇਲਾਹੀ ਅਨੁਭਵੀ ਗਿਆਨ ਦਾ 'ਪ੍ਰਕਾਸ਼' ਹੀ, ਆਤਮਿਕ ਮੰਡਲ ਦੇ ਇਲਾਹੀ ਧਾਰਮਿਕ 'ਪ੍ਰਚਾਰਕਾਂ' ਦੀ 'ਯੋਗਤਾ' ਹੈ । ਇਨ੍ਹਾਂ ਆਤਮਿਕ ਧਰਮ-ਪ੍ਰਚਾਰਕਾਂ ਨੂੰ ਕਿਸੇ ਹੋਰ ਦਿਮਾਗੀ ਵਿਦਿਅਕ ਜਾਂ ਧਾਰਮਿਕ ਡਿਗਰੀਆਂ ਦੀ ਲੋੜ ਨਹੀਂ ਹੈ । ਕਿਉਂਕਿ ਉਨ੍ਹਾਂ ਦੇ ਅੰਤ੍-ਆਤਮੇ, ਪੂਰਨ ਅਨੁਭਵੀ ਇਲਾਹੀ ਗਿਆਨ ਦਾ ਪ੍ਰਕਾਸ਼ ਹੁੰਦਾ ਹੈ । ਜਿਸ ਦੀ ਤੀਖਣ ਰੌਸ਼ਨੀ ਵਿਚ, ਸਾਡੀਆਂ ਸਿਆਣਪਾਂ, ਉਕਤੀਆਂ-ਜੁਗਤੀਆਂ, ਫ਼ਿਲਾਸਫ਼ੀਆਂ ਅਤੇ ਗਿਆਨ-ਧਿਆਨ ਦੇ ਪਰ ਸੜ ਜਾਂਦੇ ਹਨ ।

ਆਤਮਿਕ ਗਿਆਨ ਦਾ 'ਪ੍ਰਕਾਸ਼' ਹੀ ਪੂਰਨ ਤਤ-ਗਿਆਨ ਹੈ, ਜਿਸ ਦੇ ਅਨੁਭਵ ਦੁਆਰਾ ਹੀ ਆਤਮਿਕ ਪ੍ਰਕਾਸ਼ ਦੇ ਝਲਕਾਰੇ ਵਜ ਸਕਦੇ ਹਨ ਅਤੇ ਜਿਸ ਦੇ 'ਅੱਕਸ' ਤੇ ਰੌਸ਼ਨੀ ਨਾਲ ਸਾਡੀ ਬੁੱਧੀ ਨੂੰ ਸ਼ਕਤੀ ਤੇ 'ਸੋਝੀ' ਮਿਲਦੀ ਹੈ । ਇਹ 'ਤਤ-ਗਿਆਨ' ਹੀ ਸਾਰੇ ਸੰਸਾਰਕੀ ਗਿਆਨ ਤੇ ਸਿਆਣਪਾਂ ਦਾ ਸੋਮਾ ਹੈ । ਏਸੇ ਤਤ ਗਿਆਨ ਦੀ ਖੋਜ ਪ੍ਰਾਪਤੀ ਲਈ ਉਦਮ ਕਰਨ ਦੀ ਹੀ ਲੋੜ ਹੈ । ਇਸ

ਤੋਂ ਹੀ, ਹੋਰ ਸਾਰੇ ਦਿਮਾਗੀ ਅਤੇ ਪਦਾਰਥਿਕ ਗਿਆਨ ਤੇ ਸਿਆਣਪਾਂ ਨੂੰ ਰੌਸ਼ਨੀ ਮਿਲਦੀ ਹੈ ।

ਇਸ ਦਾ ਮਤਲਬ ਇਹ ਨਹੀਂ ਕਿ ਦਿਮਾਗੀ ਪਦਾਰਥਕ ਗਿਆਨ ਹਾਸਲ ਨਹੀਂ ਕਰਨਾ । ਪਰ, ਨਿਰੇ ਪੁਰੇ ਦਿਮਾਗੀ ਗਿਆਨ ਤੇ ਸਿਆਣਪਾਂ ਵਿਚ ਗਲਤਾਨ ਹੋ ਕੇ ਗਵਾਚ ਨਹੀਂ ਜਾਣਾ ।

ਗੁਰਮੁਖ ਪਿਆਰਿਆਂ ਦੀ ਸੰਗਤ ਅਤੇ ਨਾਮ ਸਿਮਰਨ ਦੁਆਰਾ, ਅਸੀਂ ਆਪਣੇ ਸਰੀਰ, ਮਨ, ਬੁੱਧੀ, ਅੰਤਿਸ਼ਕਰਨ, ਹਉਮੈ ਅਤੇ ਸਮੁੱਚੇ 'ਆਪੇ' ਨੂੰ ਆਪਣੇ ਪ੍ਰੀਤਮ ਸਤਿਗੁਰੂ ਦੀ 'ਪ੍ਰੀਤ ਦੀ ਰੰਗਣ' ਚਾੜ੍ਹ-ਚਾੜ੍ਹ ਕੇ, ਇਲਾਹੀ 'ਪ੍ਰੀਤ, ਪ੍ਰੇਮ, ਰਸ, ਚਾਉ' ਵਿਚ, 'ਅਲਮਸਤ-ਮਤਵਾਰਾ' ਹੋ ਕੇ, 'ਨਾਨਕ ਨਾਨਕ ਨਾਨਕ ਮਈ', ਹੋਣਾ ਹੈ ਅਤੇ ਦਮ-ਬਦਮ ਸਿਮਰਨ ਦੁਆਰਾ, ਸਤਿਗੁਰਾਂ ਦੇ ਸੋਹਣੇ ਪ੍ਰਕਾਸ਼ ਮੰਡਲ ਵਿਚ ਵਸਣਾ ਹੈ ।

ਇਸ ਤਰ੍ਹਾਂ, ਫੁੱਲ ਦੀ ਖ਼ੁਸ਼ਬੋ ਵਾਂਗ, ਜਦ ਸਾਡੇ ਤਨ, ਮਨ, ਬੁੱਧੀ ਦੀ ਪ੍ਰਣਾਲੀ ਰਾਹੀਂ, ਇਲਾਹੀ ਪ੍ਰਕਾਸ਼ ਦੇ 'ਤਤ-ਗਿਆਨ' ਦੀ ਰੌਸ਼ਨੀ, ਸਾਡੇ ਅੰਤ੍ਰ-ਆਤਮੇ ਵਿਚੋਂ ਸਫੁੱਟਤ ਹੋ ਕੇ —

ਮਨ
ਬਚ
ਕਰਮ
ਨਦਰ
ਛੋਹ
ਸੋਚਣੀ
ਬਿਉਹਾਰ
ਅਨੁਭਵ
ਰੋਮ ਰੋਮ

ਰਾਹੀਂ —

ਅਨਜਾਣੇ
ਅਛੋਪ

ਸਹਿਜ ਸੁਭਾਇ

ਆਪ ਮੁਹਾਰੇ

ਹਉਂ-ਰਹਿਤ

ਪ੍ਰਕਾਸ਼ਿਤ ਤੇ ਪ੍ਰਗਟ ਹੋਵੇਗੀ, ਤਾਂ ਅਸੀਂ ਸਤਿਗੁਰਾਂ ਦੇ ਹੇਠ ਲਿਖੇ ਉਪਦੇਸ਼ ਨੂੰ ਕਮਾਉਂਦੇ ਹੋਵਾਂਗੇ ।

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥ (ਪੰਨਾ-207)

ਜਗਤ ਉਧਾਰਣ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥ (ਪੰਨਾ-373)

ਸੰਤ ਭਗਤ ਗੁਰਸਿਖ ਹਹਿ, ਜਗ ਤਾਰਨ ਆਏ । (ਵਾ.ਭਾ.ਗੁ. 41/20)

ਇਸ ਤਰ੍ਹਾਂ, ਸਾਡੇ ਮਨ, ਤਨ, ਬੁੱਧੀ, ਅੰਤਿਸ਼ਕਰਨ ਤੇ 'ਆਪੇ' ਦੀ ਪ੍ਰਣਾਲੀ ਰਾਹੀਂ, ਇਲਾਹੀ ਆਤਮਿਕ ਗਿਆਨ ਦਾ ਸਫੁੱਟਤ ਹੋ ਕੇ ਪ੍ਰਕਾਸ਼ਤ ਹੋਣਾ ਹੀ, ਆਤਮਿਕ ਮੰਡਲ ਦੇ 'ਤਤ ਗਿਆਨ' ਦਾ 'ਧਾਰਮਿਕ ਪ੍ਰਚਾਰ' ਹੈ ।

ਏਸ ਅਵਸਥਾ ਵਿਚ ਗੁਰਮੁਖ ਪਿਆਰੇ ਮਹਾਂ-ਪੁਰਖਾਂ ਦਾ ਜੀਵਨ —

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥
ਸੁਨਤ ਕਹਤ ਰਹਤ ਗਤਿ ਪਾਵਹੁ ॥

(ਪੰਨਾ-289)

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ । (ਪੰਨਾ-749)

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥

(ਪੰਨਾ-474)

ਗੁਰਵਾਕਾਂ ਦਾ 'ਪ੍ਰਤੀਕ' ਤੇ 'ਜਿਉਂਦੀ-ਜਾਗਦੀ 'ਮਿਸਾਲ ਹੋਂਵਦੀ ਹੈ ।

ਕਿਸੇ ਬਖਸ਼ੇ ਹੋਏ ਗੁਰਮੁਖ ਪਿਆਰੇ ਨੇ, ਇਸ ਵਿਸ਼ੇ ਨੂੰ ਬੜੇ ਸੋਹਣੇ ਤੇ ਦਿਲ ਖਿਚਵੇਂ ਲਫ਼ਜ਼ਾਂ ਵਿਚ ਇਉਂ ਦਰਸਾਇਆ ਹੈ —

ਸਾਡੇ ਸਤਿਗੁਰਾਂ ਨੇ, ਮਨੁੱਖ ਨੂੰ ਤੇ ਉਸ ਦੀਆਂ ਸਰੀਰਕ ਲੋੜਾਂ ਨੂੰ ਸਨਮਾਨਿਆ ਹੈ । ਸਿਖ ਦੀ ਸੁਰਤ, ਦੀਨ ਦੁਨੀਆਂ ਥੀਂ ਉਠਾ, ਆਪਣੇ ਜੋਤਿ ਸਰੂਪ ਵਿਚ ਲਾ ਕੇ, ਉੱਚੀ ਕੀਤੀ ਤੇ ਆਪਣੇ

ਸਿਖ, ਨਿਰਬਾਣ–ਗ੍ਰਿਸਤੀ, ਅਤੀਤ–ਫ਼ਕੀਰ ਲੋਕ ਸਾਜੇ । ਉਨ੍ਹਾਂ ਦਾ 'ਗ੍ਰਿਹਸਥ ਜੀਵਨ' ਸਚਖੰਡੀ ਬਣਾ ਦਿੱਤਾ । ਸਚਖੰਡ ਦਾ 'ਰਸ' ਤੇ 'ਨਾਮ' ਦਾ ਸੁਖ, ਇਸ ਮਾਤ ਲੋਕ ਵਿਚ ਹੀ ਦੇ ਕੇ, 'ਏਹੁ ਵਿਸੁ ਸੰਸਾਰੁ' ਨੂੰ 'ਹਰਿ ਕਾ ਰੂਪ' ਦਿਖਾ ਦਿਤਾ ।

ਸਿਖਾਂ ਦਾ 'ਘਰ', ਨਾਮ–ਰਸ ਦਾ ਇਲਾਹੀ ਕੋਟ ਹੈ । ਤ੍ਰੈਲੋਕੀ ਪ੍ਰਲੈ ਹੋ ਜਾਣ ਪਰ ਫਿਰ ਭੀ, ਇਹ ਇਲਾਹੀ ਕੋਟ ਗਿਰ ਨਹੀਂ ਸਕਦਾ । ਕੋਈ ਚੀਜ਼ ਇਸ 'ਨਾਨਕ–ਬੇੜੇ' ਦੇ 'ਲੰਗਰ' ਨੂੰ ਤੋੜ ਨਹੀਂ ਸਕਦੀ । ਇਹ 'ਕੋਟ' — ਇੱਟਾਂ ਦਾ ਨਹੀਂ, ਇਹ 'ਪ੍ਰੇਮ–ਸ੍ਵੈਪਨਾ' ਦਾ ਬਣਿਆ ਹੋਇਆ ਹੈ । ਸਤਿਗੁਰਾਂ ਨੇ ਸਰੀਰ ਦੇ ਸਾਰੇ ਸੁਖ ਆਪਣੇ ਸਿਖ ਨੂੰ ਬਖਸ਼ੇ, ਤੇ ਹੁਕਮ ਕੀਤਾ ਕਿ " ਦਮ–ਬਦਮ ਮੇਰੀ ਯਾਦ ਵਿਚ ਜੀਉ ! ਮੈਂ ਸਦਾ ਤੁਹਾਡੇ ਅੰਗ ਸੰਗ ਹਾਂ " । ਉਹ ਲਗਾਤਾਰ ਅਬਿਚਲੀ ਜੋਤ ਜਗਾਈ ਕਿ ਸਿੱਖਾਂ ਦਾ 'ਦਿਲ', ਉਹ 'ਮੰਦਰ' ਬਣ ਗਿਆ, ਜਿਥੇ ਕਿ 'ਸਦਾ–ਮੰਗਲ', 'ਸਦਾ–ਸਵੇਰਾ', 'ਸਦਾ– ਖੁਸ਼ੀ', 'ਸਦਾ–ਚਾਉ', ਤੇ 'ਸਦਾ–ਅਬਿਚਲੀ–ਜੋਤਿ' ਦਾ ਪ੍ਰਕਾਸ਼ ਹੈ ।

ਸਿੱਖ, ਸਤਿਗੁਰਾਂ ਦਾ ਬਣਾਇਆ ਹੋਇਆ 'ਸਹਜ–ਜੋਗੀ' ਹੈ, 'ਪ੍ਰੀਤ ਦਾ ਫ਼ਕੀਰ' ਹੈ, 'ਸਿਮਰਨ ਦਾ ਬੁਤ' ਹੈ, ਸਤਿਗੁਰਾਂ ਦਾ 'ਸੋਹਣਾ–ਬੁਰਜ' ਹੈ, ਜਿਸ ਬੁਰਜ ਵਿਚ ਦਮ–ਬਦਮ, ਅੱਠ–ਪਹਿਰ ਨਾਮ ਦਾ ਪਰਵਾਹ ਚਲਦਾ ਹੈ ਅਤੇ ਇਸ ਬੁਰਜ ਵਿਚ ਸਤਿਗੁਰ ਨਾਨਕ ਸਾਹਿਬ ਜੀ — ਆਪਣੇ ਦਸਾਂ–ਜਾਮਿਆਂ ਵਿਚ ਫੇਰਾ ਪਾਉਂਦੇਂ ਹਨ, ਆਪਣਾ–ਆਪਣਾ ਝਲਕਾ ਦੇ ਜਾਂਦੇ ਹਨ । ਸਿਖ ਫ਼ਕੀਰਾ ਦਾ ਗੁਰਮੁਖ ਜੀਵਨ, ਸੰਸਾਰ ਵਿਚ ਲੁਕਿਆ ਜੀਵਨ ਹੈ, ਗੁਰਮੁਖ ਨੂੰ ਮਾਨੋ ਸੰਸਾਰ ਨਾਲ ਵਾਸਤਾ ਹੀ ਨਹੀਂ । ਉਨ੍ਹਾਂ ਦਾ ਕੰਮ, ਤੇ ਸਭ ਥੀਂ ਪਹਿਲਾ ਕੰਮ, ਸਦਾ ਤੇ ਦਮ—ਬਦਮ 'ਅਬਚਲੀ ਜੋਤਿ' ਵਿਚ ਰਹਿਣਾ ਹੈ । ਤੇ ਹਾਂ ਜੀ, ਉਹ 'ਰਸ ਤੇ ਆਕਾਸ਼' ਤੇ 'ਪ੍ਰੀਤ ਦੇ ਦੇਸ਼' ਦੇ ਵਾਸੀ ਹਨ, ਉਨ੍ਹਾਂ ਨੂੰ ਸੰਸਾਰ ਮਾਨੋ ਦਿਸਦਾ ਹੀ ਨਹੀਂ । ਸਤਿਗੁਰ ਜੀ ਨੇ ਊਠਤ–ਬੈਠਤ—ਸੋਵਤ ਤੇ ਦਮ–ਬਦਮ, ਅਤੇ ਸਵਾਸ–ਸਵਾਸ 'ਨਾਮ' ਦੇ ਰਸਤੇ ਪਾ ਕੇ, ਸਿਖ ਨੂੰ ਲਗਾਤਾਰ ਨਿਰੰਤਰ–ਰਸ ਵਿਚ ਪਾਇਆ ਹੈ । 'ਏਮਰਸਨ', ਲਗਾਤਾਰਤਾ ਨੂੰ ਟੋਲਦਾ ਹੈ, ਤਰਲੇ ਲੈਂਦਾ ਹੈ, ਪਰ ਸਭ ਥੀਂ ਉੱਚੀ ਅਤੇ ਸੋਹਣੀ ਥਾਂ ਉਸ ਨੂੰ 'ਕਵੀ' ਦਿਸਦਾ ਹੈ, ਜਿਥੇ ਅਬਿਚਲੀ ਜੋਤਿ ਦੇ ਬਿਜਲੀ–ਲਿਸ਼ਕਾਰੇ ਉਸ ਨੂੰ ਦਿਸਦੇ ਹਨ, ਪਰੰਤੂ ਕਵੀ ਨੂੰ ਲਗਾਤਾਰ ਰਸ ਨਹੀਂ ਮਿਲਦਾ । ਹਾਂ ਜੀ ! 'ਕਵੀ', ਗੁਰਮੁਖਾਂ, ਸੰਤਾ ਦੇ ਘਰ ਦਾ 'ਭਿਖਾਰੀ' ਹੈ, ਪਤਾ ਨਹੀਂ ਕਿਸ ਘੜੀ, ਕਿਸ ਪ੍ਰੀਤ ਮੂਰਤ ਨੇ, ਕਵੀ ਵਿਚ ਫੇਰਾ ਮਾਰਿਆ ਤੇ ਆਪ ਹੁਰਾਂ ਦੀ ਸੁਰਤ ਚੜ੍ਹੀ, ਤੇ ਚੜ੍ਹੀ ਸੁਰਤ ਵਿਚ ਆਪ ਗਾ ਉਠੇ, ਯਾ ਬੁਹਕ ਉਠੇ । ਜੋ ਕੁਝ ਕੀਤਾ ਸੰਸਾਰ ਨੂੰ ਚੰਗਾ ਲਗਾ, ਪਰ ਕਵੀਆਂ ਦੀ ਸੁਰਤ ਨੂੰ 'ਜੀਅ–ਦਾਨ' ਦੇਣ ਵਾਲੇ, ਤੇ ਮੋਈ ਸੁਰਤ

ਨੂੰ 'ਸੁਰਜੀਤ' ਕਰਨ ਵਾਲੇ, ਤੇ ਹਾਂ ਜੀ ! ਸੁਰਤ ਨੂੰ ਲਗਾਤਾਰ ਅਬਿਚਲੀ ਜੋਤ, 'ਅਗਮ ਪ੍ਰਕਾਸ਼', 'ਗੁਰੂ ਨਾਨਕ-ਮੰਡਲ' ਵਿਚ ਰਖ ਦੇਣ ਵਾਲੇ, 'ਗੁਰਮੁਖ ਸੰਤ' ਹਨ ।

ਕਵੀ ਲੋਕ ਸੁਰਤ ਨੂੰ ਖਰਚ ਕਰਦੇ ਹਨ, ਸੰਤ ਲੋਕ ਸਖਣੀ ਸੁਰਤ ਨੂੰ 'ਭਰਦੇ' ਹਨ ।

ਕਵੀ ਲੋਕ ਬੇਵਸ ਹਨ ਤੇ ਆਪਣੀ ' ਸੁਰਤ-ਦਾਤ ' ਨੂੰ ਵੰਡ ਨਹੀਂ ਸਕਦੇ ।

ਪਰ ਗੁਰਮੁਖ ਸੰਤ, ਸੁਰਤ ਦੇ 'ਦਾਤੇ' ਹੁੰਦੇ ਹਨ ।

ਸਾਡੇ ਸਤਿਗੁਰਾਂ ਨੇ ਇਸੇ ਕਰਕੇ, ਕਵੀ ਬਨਾਉਣ ਦਾ ਮਾਰਗ ਨਹੀਂ ਚਲਾਇਆ। ਉਨ੍ਹਾਂ ਤਾਂ ਗੁਰਮੁਖ ਸੰਤ ਬਣਾਉਣ ਦਾ ਰਾਹ ਹੀ ਦੱਸਿਆ ਹੈ ।

'ਸੰਤ' ਉਹੀ ਹੈ, ਜਿਸ ਨੂੰ ਗੁਰੂ ਨਾਨਕ, ਹਾਂ ਜੀ ਕਲਗੀਆਂ ਵਾਲਾ ਪ੍ਰੀਤਮ, ਪਿਆਰ ਕਰਦਾ ਹੈ, ਤੇ, ਹਾਂ ਜੀ, ਸੰਤਾਂ ਪਰ ਸਦਾ ਲਈ ਆਪਣੀ ਰੱਛਾ ਦਾ ਹੱਥ ਰਖਦਾ ਹੈ ।

'ਸੰਤ' ਉਹੀ ਹੈ, ਜਿਸ ਦੀ ਰਸਨਾ ਪਰ ਆਪ ਬੈਠ — ਸਿਖ ਨੂੰ ਉਪਦੇਸ਼ ਕਰਦਾ ਹੈ ।

'ਸੰਤ' ਉਹੀ ਹੈ, ਜਿਸ ਦੀ ਬਿਰਤੀ ਸਦਾ, ਅਠ-ਪਹਿਰੀ, ਸਤਿਗੁਰਾਂ ਦੇ ਸੋਹਣੇ 'ਪ੍ਰਕਾਸ਼-ਮੰਡਲ' ਵਿਚ ਰਹਿੰਦੀ ਹੈ । ਜਿਨ੍ਹਾਂ ਦੀਆਂ ਅੱਖਾਂ ਖੁਲ੍ਹੀਆਂ ਹਨ, ਪਰ ਤਕ ਨਹੀਂ ਰਹੇ, ਜਿਹੜੇ ਬੋਲਦੇ ਹੋਏ, 'ਬੋਲ' ਨਹੀਂ ਰਹੇ, ਉਨ੍ਹਾਂ ਵਿਚ 'ਆਪਾ' ਨਹੀਂ ਹੁੰਦਾ ।

ਹਾਂ ਜੀ, 'ਗੁਰਮੁਖ ਸੰਤ' ਉਹ ਬਲਦੀਆਂ 'ਲਾਟਾਂ' ਹਨ, ਉਹ 'ਬਿਜਲੀਆਂ' ਹਨ, ਜਿਹੜੀਆਂ ਸਤਿਗੁਰਾਂ ਨੇ ਆਪਣੇ ਹੱਥੀ ਫੜ ਰਖੀਆਂ ਹਨ, ਤੇ ਜਦ ਉਨ੍ਹਾਂ ਦੀ ਮਰਜ਼ੀ ਹੁੰਦੀ ਹੈ ਤਦ ਕਿਸੇ ਦੇ ਦਿਲ ਦੇ ਮੀਨਾਰੇ ਉਪਰ ਵੱਸ ਜਾਂਦੀਆਂ ਹਨ ।

ਹਾਂ ਜੀ, ਗੁਰਮੁਖ ਸੰਤ ਉਹ ਹਨ, ਜਿਨ੍ਹਾਂ ਤੋਂ ਕੋਈ ਅੱਗ ਦੀ ਇਕ ਨਿੱਕੀ ਜਿਹੀ ਚਿੰਣਗ ਮੰਗਣ ਆਵੇ, ਤਦ ਉਸ ਦਾ ਸਾਰਾ ਘਰ, ਅੰਦਰ-ਬਾਹਰ, 'ਅਬਿਚਲੀ-ਜੋਤ' ਨਾਲ ਜਗ ਉਠੇ, ਹਨੇਰਾ ਨਾ ਰਹੇ, ਅਤੇ ਜੀਵਨ, ਲਗਾਤਾਰ ਅਖੁਟ ਤੇਲ ਵਾਲੀ ਬੱਤੀ ਸਮਾਨ ਹੋ ਜਾਏ ।

'ਸੰਤ' ਉਹ ਇਲਾਹੀ ਲੋਕ ਹਨ, ਜਿਨ੍ਹਾਂ ਦੇ ਸਾਬਤ ਬੁੱਤ ਦੇ ਅਨੇਕਾਂ ਡੱਕਰੇ

ਹੋ ਸਕਦੇ ਹਨ ਤੇ ਇਕ ਇਕ ਡੱਕਰਾ, ਵੈਸਾ ਹੀ 'ਜੀਉਂਦਾ' ਹੈ ਜੈਸੇ ਸਾਬਤ ਬੁੱਤ ਜੀਉਂਦਾ ਸੀ ।

ਹਾਂ ਜੀ ! ਇਕ ਪਲਕਾਰੇ ਵਿਚ ਸੰਤਾਂ ਦੀ ਨਦਰ, ਲਖਾਂ ਰੂਹਾਂ ਦੀ ਸੂਰਤ ਨੂੰ ਮਦਦ ਦੇ ਸਕਦੀ ਹੈ । ਇਹ ਨਿਰੇ ਪੁਰੇ 'ਮਨੁੱਖ' ਨਹੀਂ ਹੋਂਵਦੇ, ਸ਼ਕਲ-ਸੂਰਤ ਕੇ ਵਲ ਮਨੁੱਖਾਂ ਵਾਲੀ ਹੁੰਦੀ ਹੈ, ਪਰ ਇਨ੍ਹਾਂ ਵਿਚ ਮਨੁੱਖਾਂ ਵਰਗਾ ਕੁਛ ਨਹੀਂ ਹੋਂਵਦਾ, ਕੇਵਲ 'ਰੱਬੀ ਜੀਵਨ' ਠਾਠਾਂ ਮਾਰਦਾ ਹੈ ।

'ਸੰਤ', ਸਦਾ ਰੱਬੀ ਜੀਵਨ ਦੇ 'ਅੰਮ੍ਰਿਤ' ਨਾਲ ਭਰੇ ਰਹਿੰਦੇ ਹਨ, ਇਥੇ ਟੋਟ ਕਦੀ ਨਹੀਂ ਪੈਂਦੀ, ਇਥੇ 'ਦਮਾਂ' ਦੀ ਕਿਸ਼ਤੀ, ਰੱਬੀ ਲਹਿਰਾਂ ਉਪਰ 'ਵਾਹਿਗੁਰ', 'ਧੰਨ ਗੁਰੂ ਨਾਨਕ' ਕੂਕਦੀ, ਕਦੀ 'ਆਰ' ਜਾਂਦੀ ਹੈ ਅਤੇ ਕਦੀ 'ਪਾਰ' ਆਂਵਦੀ ਹੈ ।

ਸਿਖ ਫ਼ਕੀਰ ਦੇ ਹਿਰਦੇ ਵਿਚ ਸਚੇ ਪਾਤਸ਼ਾਹ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਨਿਤਯ ਅਵਤਾਰ ਫੇਰੇ ਪਾਂਦਾ ਹੈ । ਸਰੀਰ ਵਾਲੇ ਗੁਰਮੁਖ ਸੰਤ — ਅ-ਸਰੀਰੀ 'ਸੰਤਾਂ' ਦੇ 'ਪ੍ਰਤੀ-ਨਿੱਧ' ਹੁੰਦੇ ਹਨ ।

ਸਤਿਗੁਰੂ ਨਾਨਕ ਜੀ ਨੂੰ ਮਿਲਣ ਦਾ ਰਸਤਾ, ਗੁਰਮੁਖ ਸੰਤਾਂ ਦੇ ਚਰਨ ਫੜ ਕੇ, ਬਾਣੀ ਦੀ ਸ਼ਰਨ ਜਾਣਾ, ਬਾਣੀ ਦੀ ਸ਼ਰਨ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਦਰਗਾਹ ਹਾਜ਼ਰ ਹੋਣਾ ਤੇ ਫੇਰ ਉਤਲਿਆਂ ਦੇ ਦਰਬਾਰ ਪਹੁੰਚਣਾ ਹੈ । ਇਨ੍ਹਾਂ ਮਦਦਗਾਰਾਂ, ਸਤਿਸੰਗੀਆਂ ਨੂੰ ਮਿਲਣਾ, ਕਦੇ ਕਿਸੇ ਦੇ ਪਰਾਂ ਤੇ, ਕਦੇ ਕਿਸੇ ਦੇ ਪਰਾਂ ਤੇ, ਧੁਰ ਕਲਗੀਆਂ ਵਾਲੇ ਦੀ ਆਕਾਲੀ ਦਰਗਾਹ ਵਿਚ ਅਪੜਨਾ । ਬੜੀ ਦੂਰ ਦੀ ਮੰਜ਼ਿਲ, ਸਤਿਗੁਰਾਂ ਨੇ ਕਦਮ-ਕਦਮ ਤੇ ਮੁਕਾਈ ਹੋਈ ਹੈ, ਸਭ ਕੁਝ ਨੇੜੇ ਹੋ ਗਿਆ ਹੈ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆਂ, ਦਸਾਂ ਪਾਤਸ਼ਾਹੀਆਂ ਦੇ ਦੀਦਾਰੇ ਹੋਂਵਦੇ ਹਨ ।

ਸੋ, ਜੇ ਸਿੱਖੀ ਲੱਭ ਜਾਏ ਤਾਂ 'ਅਬਿਚਲੀ ਜੋਤਿ' ਦਾ ਦੇਸ਼ ਲੱਭਾ । 'ਇਥੋਂ' ਉਜੜਕੇ, 'ਉਥੇ' ਜਾ ਵਸਣ ਨਾਲ, ਉਹ ਅਮੋਲਕ ਜੀਵਨ ਪ੍ਰਾਪਤ ਹੁੰਦਾ ਹੈ, ਜਿਸ ਦੇ ਤਰਲੇ 'ਏਮਰਸਨ', ਜਿਹੇ ਸੰਸਾਰ ਦੇ ਉਚੇ ਤੇ ਪਹਿਲੇ ਦਰਜੇ ਦੇ ਬੁੱਧੀਮਾਨ ਲੋਕ ਲੈ ਰਹੇ ਹਨ ।

ਜਿੰਨੀਆਂ ਤੇ ਜਿਸ ਪ੍ਰਕਾਰ ਦੀਆਂ ਲੋੜਾਂ ਕਵੀਆਂ ਦੀ ਸੂਰਤ ਨੂੰ ਉੱਚਾ ਕਰਨ, ਤੇ ਉਕਸਾਵੇ ਵਾਸਤੇ ਚਾਹੀਏ, ਗੁਰਮੁਖ ਸੰਤਾਂ ਨੂੰ ਉਨੀਆਂ

ਲੋੜਾਂ ਨਹੀਂ । ਜੇ ਉਹ ਸਾਮਾਨ ਹੋਣ ਤਾਂ ਚੰਗਾ, ਨਾ ਹੋਣ ਤਾਂ ਚੰਗਾ । ਸੰਤਾਂ ਦੀ 'ਸੁਰਤ' ਸਤਿਗੁਰੂ ਨੇ ਆਜ਼ਾਦ ਕੀਤੀ ਹੋਂਵਦੀ ਹੈ। ਭਾਈ ਮਨੀ ਸਿੰਘ ਹੁਰਾਂ ਦੀ ਸੁਰਤ, ਬੈਲੂਨ (ਗੁਬਾਰੇ) ਵਾਂਗ ਉਠਦੀ ਹੀ ਚਲੀ ਗਈ। ਜਿਉਂ-ਜਿਉਂ ਜਲਾਦ ਸਰੀਰ ਦੇ ਟੁਕੜੇ ਕਰਦਾ ਗਿਆ, ਪੱਕੀ ਹੋਈ, 'ਨਾਮ ਰੰਗ' ਵਿਚ 'ਰੰਗੀ ਸੁਰਤ', ਉਡਾਰੀ ਮਾਰਦੀ ਗਈ ।

'ਸਿੱਖ', ਨਾਮ ਦੇ ਰਸੀਏ ਤੇ ਜਾਗੀ ਹੋਈ ਸੁਰਤ ਵਾਲੇ, ਫ਼ਕੀਰ ਹੋਏ ਹਨ। ਜਿੰਨੇ ਸ਼ਹੀਦ ਹੋਏ ਹਨ, ਸਭ ਦੀ ਸੁਰਤ ਇੰਨੀ ਪੱਕ ਚੁੱਕੀ ਸੀ, ਕਿ ਚਰਖੜੀਆਂ ਤੇ ਚੜ੍ਹ ਕੇ, ਤੇ ਸਰੀਰ ਦਾ ਕੀਮਾ-ਕੀਮਾ ਕਰਾਉਣ ਵਿਚ, ਉਖੜਦੀ ਨਹੀਂ ਸੀ । ਇਹੋ ਜਿਹਾ ਲਗਾਤਾਰ ਪ੍ਰਕਾਸ਼ ਸੀ, ਤੇ ਇਹੋ ਜਿਹਾ ਉੱਚਾ 'ਸੁੰਦਰ' ਜੀ ਦਾ 'ਸੁੰਦਰ ਦੇਸ਼' ਸੀ, ਜਿਸ ਦੇ ਰਸ ਵਿਚ, ਸੂਲੀ ਦੀਆਂ ਚੋਭਾਂ ਦਾ ਪਤਾ ਹੀ ਨਹੀਂ ਲਗਦਾ ਸੀ ।

'ਏਮਰਸਨ' ਉਨ੍ਹਾਂ ਨੇਮਾਂ ਨੂੰ ਦੱਸਣ ਦਾ ਹੀਆ ਕਰਦਾ ਹੈ, ਜਿਨ੍ਹਾਂ ਨਾਲ 'ਸੁਰਤ', ਰਸ ਤੇ ' ਚੜ੍ਹਾਉ' ਵਿਚ ਰਹੇ, ਪਰ ਨਾ ਉਹ ਆਪ ਜਾਣਦਾ ਹੈ ਤੇ ਨਾ ਹੀ ਸਾਨੂੰ ਦੱਸ ਸਕਦਾ ਹੈ। ਉਸ ਦਾ ਸਾਰਾ ਲੇਖ, ਇਕ 'ਹਉਕਾ' ਹੈ ਕਿ ਹਾਏ ! ਕਿਸੇ ਤਰ੍ਹਾਂ ਉਹ 'ਚੀਜ਼' ਲੱਭੇ ਜਿਸ ਅੰਦਰ ਹੋਣ ਨਾਲ ਜੇ ਅਸੀਂ ਸ਼ੇਰਾਂ ਦੇ ਅਗੇ ਸੁਟੇ ਜਾਈਏ, ਤੇ ਮਸਤ ਹਾਥੀ ਸਾਡੇ ਪਰ ਛਡੇ ਜਾਣ, ਤਾਂ ਦੋਵੇਂ ਆ ਕੇ ਸਾਡੇ ਪੈਰ ਚੁੰਮਣ । ਹਾਂ ਜੀ ! ਧੁੱਪ ਵੇਲੇ ਸੱਪ ਸਾਡੀਆਂ ਛੱਤਰੀਆਂ ਪਕੜਨ, ਤੇ ਜੇ ਸਾਨੂੰ ਦੋਹਾਂ ਪਹਾੜਾਂ ਵਿਚ ਬੰਦ ਕਰ ਦਿਤਾ ਜਾਏ ਤਾਂ ਅਸੀਂ ਕਦੀ ਕੈਦ ਹੋ ਹੀ ਨਾ ਸਕੀਏ ।

ਹਾਂ ਜੀ ! ਗੁਰਮੁਖ ਸੰਤਾਂ ਦੇ ਇਲਾਹੀ ਜੀਵਨ ਦਾ ਟੁਕੜਾ ਮੰਗਣ ਵਾਲਾ 'ਏਮਰਸਨ', ਮੈਨੂੰ ਤਾਂ ਹੱਥ ਬੱਧੇ, ਸਾਂਈ ਦੀ ਦਰਗਾਹ ਤੇ ਖਲੋਤਾ ਮਾਲੂਮ ਹੋਂਵਦਾ ਹੈ ।

ਸਤਿਗੁਰਾਂ ਦੀ ਫ਼ਕੀਰੀ, 'ਢਾਈ ਅੱਖਰੀ' ਫ਼ਕੀਰੀ ਹੈ, ਤੇ ਇਸ ਫ਼ਕੀਰੀ-ਜੀਵਨ ਦੀਆਂ 'ਲੋੜਾਂ' ਵੀ ਢਾਈ ਅੱਖਰੀਆਂ' ਹਨ।

ਫ਼ਕੀਰੀ ਤਾਂ ਇਹ ਹੈ — ਸਿਮਰਨ ਤੇ ਧਿਆਨ ਦੇ ਦੋ ਅੱਖਰ, ਤੇ ਅੱਧਾ ਹਰਫ਼ 'ਅਲਿਪਤ' ਰਹਿਣ ਦਾ ਪੜ੍ਹਨਾ ।

ਤੇ ਤ੍ਰੈ ਲੋੜਾਂ — ਕੁੱਲੀ, ਜੁੱਲੀ ਤੇ ਗੁੱਲੀ । ਇਕ ਘਰ, ਇਕ ਪਹਿਨਣ ਦਾ ਬਸਤਰ ਤੇ ਇਕ ਖਾਣ ਨੂੰ ਰੋਟੀ ।

ਇਨ੍ਹਾਂ ਤ੍ਰੈ ਸਾਮਾਨਾ ਦੇ ਨਾਨਾਂ ਰੰਗ, ਫ਼ਕੀਰਾਂ, ਸੰਤਾਂ ਦੀ ਆਪਣੀ ਆਪਣੀ ਮੌਜ ਤੇ ਸੁਰਤ ਦੀ ਖ਼ੁਸ਼ੀ ਅਨੁਸਾਰ ਹੈ । 

ਏਮਰਸਨ ਨੇ ਜਿਹੜਾ ਇਸ਼ਾਰਾ ਕੀਤਾ ਹੈ, ਕਿ ਮੈਨੂੰ 'ਅਬਿਚਲੀ ਜੋਤ' ਦਾ

ਜੀਵਨ, ਇਕ 'ਖਮੀਰ' ਜਿਹਾ ਦਿਸਦਾ ਹੈ, ਇਹ ਮੈਨੂੰ ਬਹੁਤ ਚੰਗਾ ਲਗਾ ਹੈ ।

ਹਾਂ ਜੀ ! ਸਤਿਗੁਰਾਂ ਨੇ ਸਿਮਰਨ ਦਾ ਪਹਿਲਾ ਕਦਮ ਹੀ 'ਖਮੀਰ' ਤੇ ਅਸੂਲ ਪਰ ਰਖਿਆ ਹੈ । 'ਸਿਮਰਨ ਜੀਵਨ', 'ਇਲਾਹੀ ਜੀਵਨ' ਦਾ ਦੂਜਾ ਨਾਮ ਹੈ ।

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥

(ਪੰਨਾ–712)

ਮੈਂ, ਮੰਤਰ ਰਟਨ ਕਰਦੇ ਕਈ ਲੋਕ, ਨਿਰੇ ਘਾਹ ਦੇ ਢੇਰਾਂ ਵਾਂਗ ਸੜਦੇ ਤੱਕੇ । ਤਾਂ ਤੇ 'ਫੋਕਾ' ਤੇ 'ਜੋਤੋਂ–ਟੁੱਟਵਾਂ' ਰਟਨ — ਸਿਮਰਨ ਨਹੀਂ । ਇਹ ਸਿਮਰਦੇ ਨਹੀਂ ਹਨ, ਕੇਵਲ 'ਰੀਸ' ਕਰਦੇ ਹਨ । ਸਿਮਰਨ ਤਾਂ ਸਤਿਗੁਰੂ ਨਾਨਕ ਜੀ ਦਾ 'ਬਾਣੀ' ਰੂਪ ਹੈ । ਸਿਮਰਨ ਜੋ ਕਰਦਾ ਹੈ, ਉਹ ਸਤਿਗੁਰਾਂ ਦੇ 'ਰੂਪ' ਵਿਚ ਜੀਂਵਦਾ ਹੈ ।

ਜੀਵਨ ਰੂਪੁ ਸਿਮਰਣੁ ਪ੍ਰਭੁ ਤੇਰਾ ॥
(ਪੰਨਾ–743)

ਤੇ ਹਾਂ ਜੀ ! ਇਹ ਜੀਵਨ, 'ਖ਼ਮੀਰ' ਦੇ ਅਸੂਲਾਂ ਤੇ ਹੁੰਦਾ ਹੈ ਤੇ ਪਲਦਾ ਹੈ । ਗੁਰਮੁਖ ਸੰਤਾਂ ਦੇ 'ਸਿਮਰਨ ਵਾਲੇ ਜੀਵਨ' ਦਾ 'ਟੋਟਾ' ਜੇ ਲੱਭੇ, ਅਰ ਉਸ ਦਾ 'ਖ਼ਮੀਰ' ਜੇ ਸਾਨੂੰ ਲਗੇ, ਤਾਂ ਸਾਡੇ ਅੰਦਰ ਦਮ–ਬਦਮ 'ਨਾਮ' ਜਾਰੀ ਹੋ ਜਾਂਦਾ ਹੈ । ਤਦ ਸਾਡਾ ਜੀਵਨ, 'ਸਿਮਰਨ ਦਾ ਜੀਵਨ' ਬਣ ਸਕਦਾ ਹੈ । ਅਠ–ਪਹਿਰੀ 'ਨਾਮ' ਦਾ ਜਾਰੀ ਰਹਿਣਾ, ਇਹ ਉਹ ਲਗਾਤਾਰਤਾ ਹੈ, ਜਿਸ ਦੀ ਚਾਹ 'ਏ ਮਰਸਨ' ਨੇ ਪ੍ਰਗਟ ਕੀਤੀ ਹੈ । 'ਏਮਰਸਨ' ਲਗਾਤਾਰਤਾ ਨੂੰ ਲਭਦਾ ਹੈ, ਪਰ ਉਸ ਨੂੰ ਪਤਾ ਨਹੀਂ ਕਿ 'ਲਗਾਤਾਰਤਾ' ਸਿਮਰਨ ਬਿਨਾਂ ਹੋ ਨਹੀਂ ਸਕਦੀ । ਸਤਿਗੁਰਾਂ ਦੇ ਮਾਰਗ ਵਿਚ, 'ਇਲਾਹੀ ਜੀਵਨ ਦੀ ਲਗਾਤਾਰ ਬਤੀ' ਬਿਨ੍ਹਾਂ ਸਿਮਰਨ ਦੇ ਨਹੀਂ ਬਲ ਸਕਦੀ ।

'ਸਿਮਰਨ ਦਾ ਜੀਵਨ' 'ਉਤਲਿਆਂ' ਨਾਲ ਦਮ—ਬਦਮ 'ਪਰੋਏ' ਸੰਤਾਂ ਕੋਲੋਂ ਮਿਲ ਸਕਦਾ ਹੈ, ਤੇ ਹਾਂ ਜੀ, ਇਸ ਜੀਵਨ ਦਾ ਲਗਾਤਾਰ ਰਹਿਣਾ, ਇਹ ਸਤਿਗੁਰਾਂ ਦੇ ਅਟੱਲ ਤੇ ਰੱਬੀ ਬਿਰਦ ਦੇ ਨੇਮ ਦੀ 'ਪਾਲਣਾ' ਹੈ, ਤੇ ਹਾਂ ਜੀ, ਆਦਿ ਵਿਚ ਇਸ ਸਿਮਰਨ ਦੇ 'ਖਮੀਰੀ ਜੀਵਨ' ਨੂੰ ਪਾਲਣ ਵਾਸਤੇ, ਰੱਛਾ ਵਾਸਤੇ, ਸਭ ਪ੍ਰਕਾਰ ਦੀਆਂ ਰਛਿਆ ਦੀ ਲੋੜ ਹੈ, ਜੋ ਸਤਿਗੁਰੂ — 'ਸਿਮਰਨ ਵਾਲੇ' ਨੂੰ ਛੱਤ ਪਾੜ ਕੇ ਦਿੰਦਾ ਹੈ, ਤੇ ਸਿਮਰਨ ਦੇ ਜੀਵਨ ਉਤੇ ਸੱਚੀ–ਮੁੱਚੀ ਦੇ ਫਰਿਸ਼ਤਿਆਂ ਤੇ ਦੇਵੀ ਦੇਵਤਿਆਂ ਦਾ 'ਪਹਿਰਾ' ਹੋਂਵਦਾ ਹੈ ।

ਸਤਿਗੁਰਾਂ ਦੇ ਘਰ ਦੀ 'ਮਹਿਮਾ' — ਸ਼ਿਮਰਨ ਨਾਲ ਆਰੰਭ ਹੋ ਗਈ । ਰੂਹ, 'ਧੰਨ ਗੁਰੂ', 'ਵਾਹਿਗੁਰੂ' ਦਾ ਗੀਤ ਗਾਂਵਦੀ, ਮਿੱਟੀ, ਹੱਡੀ, ਮਾਸ ਦੀਆਂ ਦੀਵਾਰਾਂ ਥੀਂ

ਬਾਹਰ ਨਿਕਲ ਖਲੋਂਦੀ ਹੈ । ਮੈਨੂੰ ਸਿਮਰਨ ਵਾਲੇ ਦੀ ਪਹਿਲੀ ਉਡਾਰੀ, ਵੈਸੇ ਹੀ ਸੋਹਣੀ ਤੇ ਚੰਗੀ ਲਗਦੀ ਹੈ, ਜੈਸੀ ਕਿ ਨਿੱਕੇ ਜਿਹੇ ਚਿੜੀ ਦੇ ਬੋਟ ਦੀ ਪਹਿਲੀ ਉਡਾਰੀ ।

ਹਾਂ ਜੀ! ਸਿਖ ਫ਼ਕੀਰ, ਬਿਹੰਗਮੀ ਮਾਰਗ ਚਲਣ ਵਾਲੇ ਲੋਕ ਹਨ । ਜਦ (ਨਾਮ ਦੇ) ਖੰਭ ਨਿਕਲ ਪੈਂਦੇ ਹਨ, ਤਦ ਇਹ ਉਨ੍ਹਾਂ ਆਕਾਸ਼ਾਂ ਵਿਚ 'ਉਡਦੇ' ਹਨ — ਜਿਨ੍ਹਾਂ ਦੇ 'ਚਾਨਣ' ਨਾਲ — 'ਕਵੀ' ਹੋਰਾਂ ਦੇ (ਅਕਲ ਦੇ) 'ਪਰ' ਸੜਨ ਲਗਦੇ ਹਨ ।

ਹਾਂ ਜੀ! 'ਸਿਮਰਨ ਦਾ ਜੀਵਨ' — ' ਖਮੀਰ ਦਾ ਜੀਵਨ' ਹੈ । ਇਹ ਖਮੀਰ ਗੁਰਸਿੱਖਾਂ ਪਾਸੋਂ ਮਿਲਦਾ ਹੈ । ਤਦੇ 'ਆਇ ਮਿਲੁ ਗੁਰਸਿਖ ਆਇ ਮਿਲੁ' ਦੀ ਪ੍ਰਾਰਥਨਾ ਸਤਿਗੁਰਾਂ ਨੇ ਸਿਖਾਈ ਹੈ ।

ਬਿਨਾਂ ਗੁਰਸਿਖਾਂ, ਗੁਰਮੁਖਾਂ ਦੇ ਖਮੀਰ ਦਿੱਤੇ ਸਿੱਖੀ ਨਹੀਂ ਮਿਲ ਸਕਦੀ । ' ਅੰਮ੍ਰਿਤ ਛਕਾਉਣਾ' ਇਸੇ 'ਗੁੱਝੇ ਖਮੀਰ' ਦੀ 'ਰਾਸ' ਦੇਣੀ ਹੈ, ਤੇ ਹਾਂ ਜੀ । ਸਿਖਾਂ ਦੀ ਪਹਿਲੀ ਲੋੜ 'ਸਿਮਰਨ ਦੇ ਖਮੀਰ ਦਾ ਜੀਵਨ' ਹੈ ।

'ਧਿਆਨ' ਸਿਖ ਫ਼ਕੀਰ ਦਾ ਸੌਖਾ ਹੈ —

ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥
(ਪੰਨਾ–738)

ਹਾਂ ਜੀ । ਸਿਖਾਂ ਦਾ 'ਧਿਆਨ' — 'ਪ੍ਰੀਤ–ਨਿਰੰਕਾਰੀ' ਵਿਚ 'ਨਸ਼ਟ' ਹੋਣ ਦਾ ਨਾਮ ਹੈ ।

'ਹੱਡੀ, ਮਾਸ, ਚਮੜਾ, ਲਹੂ, ਮਿੱਝ, ਮਨ, ਬੁੱਧ, ਅਹੰਕਾਰ ਤੇ ਕਾਮ, ਕ੍ਰੋਧ, ਲੋਭ, ਮੋਹ, ਇਨ੍ਹਾਂ ਸਭਨਾਂ ਨੂੰ ਮੋੜ–ਮੋੜ ਸਤਿਗੁਰ ਦੀ ਪ੍ਰੀਤ ਦੇ ਰੰਗਾਂ ਵਿਚ ਰੰਗਣ ਚਾੜ੍ਹਨੀ, ਇਹ ਸਿੱਖਾਂ ਦਾ 'ਧਿਆਨ' ਹੈ —

'ਜੀਉਂਦੇ–ਮੋਏ' ਹੋਏ ਦਾ ਨਾਮ — 'ਸਿੱਖ' ਹੈ ।

ਸਤਿਗੁਰਾਂ ਦਾ ਬੈ–ਖਰੀਦੁ ਗੋਲਾ ਬਣਨ ਦਾ ਨਾਮ 'ਸਿੱਖ' ਹੈ । ਭਾਈ ਮੰਝ ਜੀ ਦੀ ਸਾਖੀ ਯਾਦ ਕਰੋ ।

ਸਿੱਖੀ 'ਧਿਆਨ'—ਸਤਿਗੁਰਾਂ ਦਾ 'ਹੋ ਰਹਿਣ' ਦਾ ਨਾਮ ਹੈ । ਤੇ ਅਖੰਡਾਕਾਰ ਪ੍ਰੀਤਮ, ਸਤਿਗੁਰਾਂ ਤੋਂ ਨਾ1ਵਿਛੜਨਾ ਹੀ — 'ਧਿਆਨ' ਹੈ ।

ਤੀਸਰਾ ਇਹ, ਕਿ ਜਿਹੜਾ ਸਤਿਗੁਰਾਂ ਦਾ 'ਸਿੱਖ' ਹੋਯਾ — ਉਸ ਦੀ 'ਕਿਸ਼ਤੀ ਦੇ ਰੱਸੇ' ਸੰਸਾਰ ਨਾਲੋਂ ਮਾਲਕਾਂ ਨੇ ਇਕਦਮ ਖੋਹਲ ਦਿਤੇ ਜਾਣੇ ।

'ਨਾ ਮੈਂ ਕਿਸੀ ਦਾ – ਨਾ ਮੇਰਾ ਕੋਈ', ਜਿਹਾ 'ਕੋਰਾ' ਬਣਨਾ ਜਰੂਰੀ ਹੈ, ਪਰ ਅੰਦਰੋਂ ਦੁਨੀਆਂ ਵਾਲੇ ਕਿਸੇ ਨਾਲ ਪ੍ਰੀਤ ਨਹੀਂ ਲਾਉਣੀ, ਤੇ ਨਾ ਰਿਸ਼ਤੇਦਾਰੀ ਦੀਆਂ ਰੱਸੀਆਂ ਕੱਸਣੀਆਂ ਹਨ ।

ਹਾਂ ਜੀ ! ਸਿੱਖੀ ਫ਼ਕੀਰੀ — ਬੜੀ ਨਾਜ਼ਕ 'ਅਵਸਤੂ' ਹੈ ਜਿਹੜੀ ਵਸਤੂਆਂ ਦੇ 'ਛੋਹ' ਜਾਣ ਨਾਲ ਮੈਲੀ ਹੋ ਜਾਂਦੀ ਹੈ ।

ਸਿੱਖ ਫ਼ਕੀਰਾਂ ਨੂੰ ਦੁਨੀਆਂ ਨਾਲ (ਹਉਂ ਧਾਰੀ ਲੋਕਾਂ ਵਾਂਗ) 'ਨੇਕੀ' ਕਰਨ ਦਾ 'ਬੁਖਾਰ' ਕਦੀ ਨਹੀਂ ਚੜ੍ਹਦਾ । ਉਨ੍ਹਾਂ ਦੀਆਂ ਅੱਖਾਂ ਸਭ ਦੇ ਪਿੱਛੇ 'ਰੱਬ' ਖੜੋਤਾ ਤੱਕਦੀਆਂ ਹਨ, ਇਸ ਵਾਸਤੇ 'ਅਲਿਪਤ' ਹੋ ਰਹਿੰਦੇ ਹਨ ।

ਇਹ ਇਕ ਤੰਗ ਜਿਹਾ ਰਾਹ ਹੈ, ਪਰ 'ਜੋਤਿ ਨਿਰੰਕਾਰੀ' ਦੇ 'ਅਬਿਚਲ ਨਗਰ' ਨੂੰ ਇਹੋ ਹੀ ਰਾਹ ਜਾਂਦਾ ਹੈ ।

ਅਸਲ ਵਿਚ ਇਹ 'ਅਲਿਪਤ ਵਰਤੀ' ਹੀ, ਸੰਸਾਰ ਦਾ ਭਲਾ ਕਰਨੇਹਾਰੇ ਹਨ ।

ਹਾਂ ਜੀ ! ਇਹ ਦੁਨੀਆਂ ਦਾ ਭਲਾ ਕਰਨ ਵਾਲੇ, 'ਅਬਿਚਲ ਨਗਰ' ਪਹੁੰਚੇ ਤੇ ਉਥੋਂ ਦੇ ਵਾਸੀ ਹੋਏ, ਪਰ ਹਾਂ, ਉਨ੍ਹਾਂ ਦੇ ਨਾਮਾਂ ਤੇ ਨਿਸ਼ਾਨਾ ਦੀ, ਜਗਤ ਦੇ ਇਤਿਹਾਸ ਬਣਾਉਣ ਵਾਲਿਆਂ ਨੂੰ ਖਬਰ ਨਹੀਂ । ਸੰਸਾਰ ਦਾ ਅਸਲੀ ਭਲਾ ਕਰਨ ਵਾਲੇ ਗੁਫਾ ਵਿਚੋਂ ਨਿਕਲ ਕੇ ਸੂਲੀਆਂ ਪਰ ਚੜ੍ਹ ਗਏ, ਤੇ ਉਨ੍ਹਾਂ ਦੇ 'ਸੀਸ' ਜਿਨ੍ਹਾਂ ਦਾ ਭਲਾ ਕਰਨ ਆਏ, ਉਨ੍ਹਾਂ ਦੀਆਂ ਤਲਵਾਰਾਂ ਨੇ ਉਡਾਏ ! ਲੋਕੀ ਪਰਉਪਕਾਰ ਨੂੰ ਉਠ ਭੱਜਦੇ ਹਨ, ਜਿਉਂ 'ਥੁਕਾਂ' ਨਾਲ ਵੜੇ 'ਪੱਕ' ਜਾਣਗੇ ! ਲੋਕੀ ਭਾਈਚਾਰਾ (society) ਬਨਾਣ ਦੇ ਯਤਨਾਂ ਵਿਚ ਹਨ, ਪਰ ਸਚ ਤਾਂ ਇਹ ਹੈ ਕਿ ਜਿਥੇ ਇਕ ਆਦਮੀ ਦੇ ਬਣਾਉਣ ਵਾਸਤੇ ਮਿੰਟ-ਮਿੰਟ ਧੁਰ ਦਰਗਾਹੋਂ ਸੁਨੇਹੇ ਆਂਵਦੇ ਹਨ, ਘੰਟੀ-ਘੜਿਆਲ ਵਜਦੇ ਹਨ, ਕਈ ਫਰਿਸ਼ਤੇ, ਦੇਵਤੇ ਛਾਯਾ ਰਖਦੇ ਹਨ, ਤੇ ਫੇਰ ਅਨੇਕਾਂ ਜਨਮਾਂ ਪਿਛੋਂ, ਇਕ 'ਰੂਹ' ਤਿਆਰ ਹੋਂਵਦੀ ਹੈ । ਇਸੇ ਕਾਰਣ 'ਸੱਚ ਦੇ ਅਭਿਲਾਖੀ', ਸਿਮਰਨ ਵਾਲੇ ਦੁਨੀਆਂ ਥੀਂ ਸਦਾ ਅਲਿਪਤ ਰਹਿੰਦੇ ਹਨ ।

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥
ਬਾਹਰਿ ਸੂਤੁ ਸਗਲ ਸਿਉ ਮਉਲਾ ॥

ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ (ਪੰਨਾ—384)

ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥
ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥ (ਪੰਨਾ-384)

ਜਿਸ ਗੁਰਸਿੱਖ ਨੇ ਉਪਰਲੇ 'ਢਾਈ ਅੱਖਰ' ਪੜ੍ਹ ਲਏ ਹਨ, ਉਸ ਦੀ ਸੁਰਤ ਇਕ ਖਾਸ ਅੰਦਾਜ਼ੇ ਵਿਚ ਰਹਿੰਦੀ ਹੈ ।ਆਪਣੇ ਕੇਂਦਰ ਤੋਂ ਹੇਠ ਕਦੀ ਨਹੀਂ ਆਉਂਦੀ, ਜੇ ਆਵੇ ਤਾਂ ਅੰਗ 'ਮੁੜ-ਮੁੜ' ਜਾਂਦੇ ਹਨ, ਬੀਮਾਰੀ ਜਿਹੀ ਚਿਮਟ ਜਾਂਦੀ ਹੈ,

" ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥" (ਪੰਨਾ-661)

ਤੇ ਸਤਿਗੁਰ ਦੀ ਮੇਹਰ ਨਾਲ, 'ਸਤਿ ਸੰਗ' ਨਾਲ, ਉਨ੍ਹਾਂ ਦੇ ਪਿਆਰ ਨਾਲ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਨਾਲ, ਝਟ ਫੇਰ ਆਪਣੀ ਉਚਾਈ ਤੇ ਜਾ ਪਹੁੰਚਦੀ ਹੈ ।

ਜਿਵੇਂ ਕਵੀਆਂ ਦੀ ਸੁਰਤ ਕਿਸੇ ਕਿਸੇ ਵੇਲੇ ਚੜ੍ਹਦੀ ਹੈ, ਇਸ ਤੋਂ ਉਲਟ ਸੰਤਾਂ ਦੀ 'ਸੁਰਤ' ਕਿਸੇ ਵਿਰਲੇ ਵੇਲੇ ਹੀ ਆਪਣੇ ਮੁਕੱਰਰ ਅੰਦਾਜ਼ੇ ਥੀਂ, ਜਿਹੜਾ ਬੜਾ ਹੀ ਉਚਾ ਹੈ, ਹਿਠਾਹਾਂ ਆਉਂਦੀ ਹੈ, ਪਰ ਉਸੇ ਵੇਲੇ ਉਨ੍ਹਾਂ ਦੇ 'ਭਾਅ' ਦੀ, ਕਿਆਮਤ ਆ ਜਾਂਦੀ ਹੈ ।

'ਨਾਮ' ਦੇ ਰਸੀਆਂ ਲਈ ਘੜੀ ਘੜੀ ਦੇ ਘੜਿਆਲ ਹਨ, ਗਾਲਾਂ ਕੱਢਦੇ ਕੱਢਦ, ਫੁੱਲ ਵਰਸਾਣ ਲੱਗ ਜਾਂਦੇ ਹਨ, ਫ਼ਕੀਰ ਦੀ 'ਤਾਬਿਆ'— ਬਾਦਸ਼ਾਹ ਤੇ ਸ਼ੇਰ ਦੀ ਤਾਬਿਆ ਵਰਗੀ ਹੁੰਦੀ ਹੈ, ਬੇ-ਨਿਆਜ਼ ਹੁੰਦੀ ਹੈ, ਉਹ ਸਦਾ 'ਨਾਮ ਦੇ ਨਸ਼ੇ' ਵਿਚ ਹੁੰਦਾ ਹੈ, ਇਸ 'ਨਸ਼ੇ' ਦੀ ਟੋਟ ਨਹੀਂ । ਜਿਹੜਾ, ਫ਼ਕੀਰ ਨਾਲ ਛੋਹ ਹੀ ਜਾਵੇ — ਉਸ ਦਾ ਵੀ 'ਭਲਾ' ਹੋ ਜਾਂਦਾ ਹੈ, ਜਿਉਂ ਚੰਦਨ ਨੂੰ ਛੋਹੋ ਤਾਂ ਖੁਸ਼ਬੂ ਹੀ ਦਿੰਦਾ ਹੈ ।

ਅਸਲੀ ਸਿੱਖੀ ਜ਼ਿੰਦਗੀ — 'ਅਬਿਚਲੀ ਜੋਤਿ' ਹੈ, ਦੁਨੀਆਂ ਇਸ ਨੂੰ ਤਰਸ ਰਹੀ ਹੈ । ਸਤਿਗੁਰੂ ਮਿਹਰ ਕਰਨ, ਅਸੀਂ ਦੁਨੀਆਂ ਦੇ ਧੰਦਿਆਂ ਵਿਚ ਨਾ ਫਸੀਏ, ਹਾਂ ਜੀ, ਦੁਨੀਆਂ ਸਾਡੇ ਚਰਨ ਧੋਵੇ, ਤੇ ਅਸੀਂ ਜੋਤ ਦੀਆਂ 'ਮਿਸਾਲਾਂ' ਹੋ — ਸਾਰੇ ਸੰਸਾਰ ਉਪਰ ਚਾਨਣ ਕਰੀਏ।

ਸਿੱਖੀ ਧਾਰਨ ਕਰਨੀ ਔਖੀ ਜ਼ਰੂਰ ਹੈ, ਪਰ ਹੈ ਉਹ 'ਚੀਜ਼', ਜਿਸ ਵਾਸਤੇ ਸਭ ਲੋਕ ਤੜਫ ਰਹੇ ਹਨ, ਤੇ ਲਭਦੀ ਨਹੀਂ ।

ਸਾਨੂੰ ਦਰਗਾਹ ਦਾ ਪਤਾ ਹੈ, ਪਰ ਅਸੀਂ ਮੂਰਖ ਬਾਲਕਾਂ ਵਾਂਗ — ਧਰਮਸਾਲ ਛੋੜ, ਹਰਿਮੰਦਰ ਵਲ ਪਿੱਠ ਕਰ, ਦੁਨੀਆਂ ਦੇ ਢਲਦੇ ਪਰਛਾਵਿਆਂ ਵਲ ਦੌੜਨਾ, ਇਕ ਬੜੀ ਦਾਨਾਈ ਸਮਝ ਬੈਠੇ ਹਾਂ ।

ਮੇਰਾ ਪ੍ਰਯੋਜਨ ਇਹ ਨਹੀਂ ਕਿ ਅਸਾਂ, ਜਾਨਵਰਾਂ ਵਾਂਗ, ਜੰਗਲ ਕੱਛਣੇ ਹਨ । ਨਹੀਂ, ਸਾਡਾ ਘਰ ਹੋਣਾ ਹੈ, ਜਿਸ ਦਾ ਸਭ ਥੀਂ ਵੱਡਾ ਤੇ ਸੋਹਣਾ ਕਮਰਾ 'ਧਰਮਸਾਲ' ਹੋਣੀ ਹੈ, ਜਿਥੇ ਸਾਡੇ ਸਤਿਗੁਰੂ ਦਾ ਦਰਬਾਰ ਹੋਣਾ ਹੈ, ਤੇ ਅਸਾਂ — ਮਾਵਾਂ, ਪੁਤਾਂ, ਵਹੁਟੀਆਂ, ਖਸਮਾਂ, ਬਾਲਾਂ, ਬੱਚਿਆਂ ਨੇ ਸਤਿਗੁਰੂ ਦੇ ਟਹਿਲੀਏ ਬਣ,

ਨਾਲ ਦੇ ਕਮਰੇ, ਹੁਕਮ ਬੱਧੇ ਗੁਲਾਮਾਂ ਵਾਂਗ, ਮਲਨੇ ਹਨ । ਉਹ ਘਰ, ਜਿਸ ਦਾ 'ਡਰਾਇੰਗ ਹਾਲ' (ਗੋਲ ਕਮਰਾ) 'ਧਰਮਸਾਲ' ਹੈ, ਸਿੱਖ ਦਾ ਹੈ । ਨਹੀਂ! 'ਸਿੱਖ' ਸਤਿਗੁਰਾਂ ਦੇ ਪਹਿਲੇ, ਤੇ ਹੋਰ ਸਭ ਕੁਝ 'ਪਿਛੋਂ' । ਕੂੜੀਆਂ ਇਜ਼ਤਾਂ ਤੇ ਦੁਨੀਆਂ ਦੀਆਂ ਧੜੇਬੰਦੀਆਂ ਥੀਂ ਅਸਾਂ ਮੂੰਹ ਮੋੜਨਾ ਹੈ ਜੀ । ਅੰਦਰ-ਬਾਹਰ, ਸਤਿਗੁਰਾਂ ਦੀ 'ਧਰਮਸਾਲ' ਦੀ ਸੇਵਾ ਕਰਨ ਵਾਸਤੇ, ਅਸਾਂ ਜੀਣਾ ਹੈ ਜੀ । ਸਾਡੇ ਘਰਾਂ ਵਿਚ ਰਾਗ, ਰੰਗ, ਖੁਸ਼ੀਆਂ, ਅਨੰਦ ਅਬਿਚਲੀ ਜੋਤ ਵਾਲੇ ਹੋਣੇ ਹਨ ਜੀ ।

ਸਤਿਗੁਰ ਮਿਹਰ ਕਰਨ, ਜੇ ਇਹ ਹੋਵੇ ਤਾਂ ਸਾਡਾ ਪੰਥ ਜਗਤ ਭਰ ਦੇ ਦੁਖੜੇ ਦੂਰ ਕਰਨ ਦੇ ਸਮਰੱਥ ਹੋਵੇ । ਸਤਿਗੁਰੂ ਸਹਾਈ ਹੋਵਨ ।

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥
ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥
ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥ (ਪੰਨਾ—739)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥
ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ ॥
ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ॥
ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ ॥
ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ ਭ੍ਰਮਾਦ ॥ (ਪੰਨਾ—1226)

ਆਉ ਜੀ ਤੂ ਆਉ ਹਮਾਰੈ ਹਰਿ ਜਸਿ ਸ੍ਰਵਨ ਸੁਨਾਵਨਾ ॥

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥
ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥
ਨਉਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥
ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ ॥
ਕਹੁ ਨਾਨਕ ਗੁਰ ਚਲਤ ਦਿਖਾਇਆ ਮਨ ਮਧੇ ਹਰਿ ਹਰਿ ਰਾਵਨਾ ॥

(ਪੰਨਾ—1018)

(ਸਮਾਪਤ)

ਅਸਲ ਵਿਚ ਇਹ 'ਅਲਿਪਤ ਵਰਤੀ' ਹੀ, ਸੰਸਾਰ ਦਾ ਭਲਾ ਕਰਨੇਹਾਰੇ ਹਨ ।

ਹਾਂ ਜੀ! ਇਹ ਦੁਨੀਆਂ ਦਾ ਭਲਾ ਕਰਨ ਵਾਲੇ, 'ਅਬਿਚਲ ਨਗਰ' ਪਹੁੰਚੇ ਤੇ ਉਥੋਂ ਦੇ ਵਾਸੀ ਹੋਏ, ਪਰ ਹਾਂ, ਉਨ੍ਹਾਂ ਦੇ ਨਾਮਾਂ ਤੇ ਨਿਸ਼ਾਨਾ ਦੀ, ਜਗਤ ਦੇ ਇਤਿਹਾਸ ਬਣਾਉਣ ਵਾਲਿਆਂ ਨੂੰ ਖਬਰ ਨਹੀਂ । ਸੰਸਾਰ ਦਾ ਅਸਲੀ ਭਲਾ ਕਰਨ ਵਾਲੇ ਗੁਫਾ ਵਿਚੋਂ ਨਿਕਲ ਕੇ ਸੂਲੀਆਂ ਪਰ ਚੜ੍ਹ ਗਏ, ਤੇ ਉਨ੍ਹਾਂ ਦੇ 'ਸੀਸ' ਜਿਨ੍ਹਾਂ ਦਾ ਭਲਾ ਕਰਨ ਆਏ, ਉਨ੍ਹਾਂ ਦੀਆਂ ਤਲਵਾਰਾਂ ਨੇ ਉਡਾਏ! ਲੋਕੀ ਪਰਉਪਕਾਰ ਨੂੰ ਉਠ ਭੱਜਦੇ ਹਨ, ਜਿਉਂ 'ਥੁਕਾਂ' ਨਾਲ ਵੜੇ 'ਪੱਕ' ਜਾਣਗੇ! ਲੋਕੀ ਭਾਈਚਾਰਾ (society) ਬਨਾਣ ਦੇ ਯਤਨਾਂ ਵਿਚ ਹਨ, ਪਰ ਸਚ ਤਾਂ ਇਹ ਹੈ ਕਿ ਜਿਥੇ ਇਕ ਆਦਮੀ ਦੇ ਬਣਾਉਣ ਵਾਸਤੇ ਮਿੰਟ-ਮਿੰਟ ਧੁਰ ਦਰਗਾਹੋਂ ਸੁਨੇਹੇ ਆਂਵਦੇ ਹਨ, ਘੰਟੀ-ਘੜਿਆਲ ਵਜਦੇ ਹਨ, ਕਈ ਫਰਿਸ਼ਤੇ, ਦੇਵਤੇ ਛਾਯਾ ਰਖਦੇ ਹਨ, ਤੇ ਫੇਰ ਅਨੇਕਾਂ ਜਨਮਾਂ ਪਿਛੋਂ, ਇਕ 'ਰੂਹ' ਤਿਆਰ ਹੋਂਵਦੀ ਹੈ । ਇਸੇ ਕਾਰਣ 'ਸੱਚ ਦੇ ਅਭਿਲਾਖੀ', ਸਿਮਰਨ ਵਾਲੇ ਦੁਨੀਆਂ ਥੀਂ ਸਦਾ ਅਲਿਪਤ ਰਹਿੰਦੇ ਹਨ ।

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥
ਬਾਹਰਿ ਸੂਤੁ ਸਗਲ ਸਿਉ ਮਉਲਾ ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥
ਮੁਖ ਕੀ ਬਾਤ ਸਗਲ ਸਿਉ ਕਰਤਾ ॥
ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥ (ਪੰਨਾ—384)

ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥
ਨਾਨਕ ਜਨਿ ਗੁਰੁ ਪੂਰਾ ਪਾਇਆ ॥
ਅੰਤਰਿ ਬਾਹਰਿ ਏਕੁ ਦਿਖਾਇਆ ॥ (ਪੰਨਾ-384)

ਜਿਸ ਗੁਰਸਿੱਖ ਨੇ ਉਪਰਲੇ 'ਢਾਈ ਅੱਖਰ' ਪੜ੍ਹ ਲਏ ਹਨ, ਉਸ ਦੀ ਸੁਰਤ ਇਕ ਖਾਸ ਅੰਦਾਜ਼ੇ ਵਿਚ ਰਹਿੰਦੀ ਹੈ । ਆਪਣੇ ਕੇਂਦਰ ਤੋਂ ਹੇਠ ਕਦੀ ਨਹੀਂ ਆਉਂਦੀ, ਜੇ ਆਵੇ ਤਾਂ ਅੰਗ 'ਮੁੜ-ਮੁੜ' ਜਾਂਦੇ ਹਨ, ਬੀਮਾਰੀ ਜਿਹੀ ਚਿਮਟ ਜਾਂਦੀ ਹੈ,

" ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥ " (ਪੰਨਾ–661)

ਤੇ ਸਤਿਗੁਰ ਦੀ ਮੇਹਰ ਨਾਲ, 'ਸਤਿ ਸੰਗ' ਨਾਲ, ਉਨ੍ਹਾਂ ਦੇ ਪਿਆਰ ਨਾਲ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਨਾਲ, ਝਟ ਫੇਰ ਆਪਣੀ ਉਚਾਈ ਤੇ ਜਾ ਪਹੁੰਚਦੀ ਹੈ ।

ਜਿਵੇਂ ਕਵੀਆਂ ਦੀ ਸੁਰਤ ਕਿਸੇ ਕਿਸੇ ਵੇਲੇ ਚੜ੍ਹਦੀ ਹੈ, ਇਸ ਤੋਂ ਉਲਟ ਸੰਤਾਂ ਦੀ 'ਸੁਰਤ' ਕਿਸੇ ਵਿਰਲੇ ਵੇਲੇ ਹੀ ਆਪਣੇ ਮੁਕੱਰਰ ਅੰਦਾਜ਼ੇ ਥੀਂ, ਜਿਹੜਾ ਬੜਾ ਹੀ ਉਚਾ ਹੈ, ਹਿਠਾਹਾਂ ਆਉਂਦੀ ਹੈ, ਪਰ ਉਸੇ ਵੇਲੇ ਉਨ੍ਹਾਂ ਦੇ 'ਭਾਅ' ਦੀ, ਕਿਆਮਤ ਆ ਜਾਂਦੀ ਹੈ ।

'ਨਾਮ' ਦੇ ਰਸੀਆਂ ਲਈ ਘੜੀ ਘੜੀ ਦੇ ਘੜਿਆਲ ਹਨ, ਗਾਲਾਂ ਕੱਢਦੇ ਕੱਢਦੇ, ਫੁੱਲ ਵਰਸਾਣ ਲੱਗ ਜਾਂਦੇ ਹਨ, ਫ਼ਕੀਰ ਦੀ 'ਤਾਬਿਆ'— ਬਾਦਸ਼ਾਹ ਤੇ ਸ਼ੇਰ ਦੀ ਤਾਬਿਆ ਵਰਗੀ ਹੁੰਦੀ ਹੈ, ਬੇ–ਨਿਆਜ਼ ਹੁੰਦੀ ਹੈ, ਉਹ ਸਦਾ 'ਨਾਮ ਦੇ ਨਸ਼ੇ' ਵਿਚ ਹੁੰਦਾ ਹੈ, ਇਸ 'ਨਸ਼ੇ' ਦੀ ਟੋਟ ਨਹੀਂ । ਜਿਹੜਾ, ਫ਼ਕੀਰ ਨਾਲ ਛੋਹ ਹੀ ਜਾਵੇ — ਉਸ ਦਾ ਵੀ 'ਭਲਾ' ਹੋ ਜਾਂਦਾ ਹੈ, ਜਿਉਂ ਚੰਦਨ ਨੂੰ ਛੋਹੋ ਤਾਂ ਖੁਸ਼ਬੂ ਹੀ ਦਿੰਦਾ ਹੈ ।

ਅਸਲੀ ਸਿੱਖੀ ਜ਼ਿੰਦਗੀ — 'ਅਬਿਚਲੀ ਜੋਤਿ' ਹੈ, ਦੁਨੀਆਂ ਇਸ ਨੂੰ ਤਰਸ ਰਹੀ ਹੈ । ਸਤਿਗੁਰੂ ਮਿਹਰ ਕਰਨ, ਅਸੀਂ ਦੁਨੀਆਂ ਦੇ ਧੰਦਿਆਂ ਵਿਚ ਨਾ ਫਸੀਏ, ਹਾਂ ਜੀ, ਦੁਨੀਆਂ ਸਾਡੇ ਚਰਨ ਧੋਵੇ, ਤੇ ਅਸੀਂ ਜੋਤ ਦੀਆਂ 'ਮਿਸਾਲਾਂ' ਹੋ — ਸਾਰੇ ਸੰਸਾਰ ਉਪਰ ਚਾਨਣ ਕਰੀਏ।

ਸਿੱਖੀ ਧਾਰਨ ਕਰਨੀ ਔਖੀ ਜ਼ਰੂਰ ਹੈ, ਪਰ ਹੈ ਉਹ 'ਚੀਜ਼', ਜਿਸ ਵਾਸਤੇ ਸਭ ਲੋਕ ਤੜਫ ਰਹੇ ਹਨ, ਤੇ ਲਭਦੀ ਨਹੀਂ ।

ਸਾਨੂੰ ਦਰਗਾਹ ਦਾ ਪਤਾ ਹੈ, ਪਰ ਅਸੀਂ ਮੂਰਖ ਬਾਲਕਾਂ ਵਾਂਗ — ਧਰਮਸਾਲ ਛੋੜ, ਹਰਿਮੰਦਰ ਵਲ ਪਿੱਠ ਕਰ, ਦੁਨੀਆਂ ਦੇ ਢਲਦੇ ਪਰਛਾਵਿਆਂ ਵਲ ਦੌੜਨਾ, ਇਕ ਬੜੀ ਦਾਨਾਈ ਸਮਝ ਬੈਠੇ ਹਾਂ ।

ਮੇਰਾ ਪ੍ਰਯੋਜਨ ਇਹ ਨਹੀਂ ਕਿ ਅਸਾਂ, ਜਾਨਵਰਾਂ ਵਾਂਗ, ਜੰਗਲ ਕੱਛਣੇ ਹਨ । ਨਹੀਂ, ਸਾਡਾ ਘਰ ਹੋਣਾ ਹੈ, ਜਿਸ਼ਦਾ ਦਾ ਸਭ ਥੀਂ ਵੱਡਾ ਤੇ ਸੋਹਣਾ ਕਮਰਾ

'ਧਰਮਸਾਲ' ਹੋਣੀ ਹੈ, ਜਿਥੇ ਸਾਡੇ ਸਤਿਗੁਰੂ ਦਾ ਦਰਬਾਰ ਹੋਣਾ ਹੈ, ਤੇ ਅਸਾਂ — ਮਾਵਾਂ, ਪੁਤਾਂ, ਵਹੁਟੀਆਂ, ਖਸਮਾਂ, ਬਾਲਾਂ, ਬੱਚਿਆਂ ਨੇ ਸਤਿਗੁਰੂ ਦੇ ਟਹਿਲੀਏ ਬਣ, ਨਾਲ ਦੇ ਕਮਰੇ, ਹੁਕਮ ਬੱਧੇ ਗੁਲਾਮਾਂ ਵਾਂਗ, ਮਲਨੇ ਹਨ । ਉਹ ਘਰ, ਜਿਸ ਦਾ 'ਡਰਾਇੰਗ ਹਾਲ' (ਗੋਲ ਕਮਰਾ) 'ਧਰਮਸਾਲ' ਹੈ, ਸਿੱਖ ਦਾ ਹੈ । ਨਹੀਂ ! 'ਸਿੱਖ' ਸਤਿਗੁਰਾਂ ਦੇ ਪਹਿਲੇ, ਤੇ ਹੋਰ ਸਭ ਕੁਝ 'ਪਿਛੋਂ' । ਕੂੜੀਆਂ ਇਜ਼ਤਾਂ ਤੇ ਦੁਨੀਆਂ ਦੀਆਂ ਧੜੇਬੰਦੀਆਂ ਥੀਂ ਅਸਾਂ ਮੂੰਹ ਮੋੜਨਾ ਹੈ ਜੀ । ਅੰਦਰ-ਬਾਹਰ, ਸਤਿਗੁਰਾਂ ਦੀ 'ਧਰਮਸਾਲ' ਦੀ ਸੇਵਾ ਕਰਨ ਵਾਸਤੇ, ਅਸਾਂ ਜੀਣਾ ਹੈ ਜੀ । ਸਾਡੇ ਘਰਾਂ ਵਿਚ ਰਾਗ, ਰੰਗ, ਖੁਸ਼ੀਆਂ, ਅਨੰਦ ਅਬਿਚਲੀ ਜੋਤ ਵਾਲੇ ਹੋਣੇ ਹਨ ਜੀ ।

ਸਤਿਗੁਰ ਮਿਹਰ ਕਰਨ, ਜੇ ਇਹ ਹੋਵੇ ਤਾਂ ਸਾਡਾ ਪੰਥ ਜਗਤ ਭਰ ਦੇ ਦੁਖੜੇ ਦੂਰ ਕਰਨ ਦੇ ਸਮਰੱਥ ਹੋਵੇ । ਸਤਿਗੁਰੂ ਸਹਾਈ ਹੋਵਣ ।

ਸੂਖ ਮਹਲ ਜਾ ਕੇ ਊਚ ਦੁਆਰੇ ॥
ਤਾ ਮਹਿ ਵਾਸਹਿ ਭਗਤ ਪਿਆਰੇ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥
ਵਿਰਲੈ ਕਾਹੂ ਨੇਤ੍ਰਹੁ ਡੀਠੀ ॥
ਤਹ ਗੀਤ ਨਾਦ ਅਖਾਰੇ ਸੰਗਾ ॥
ਊਹਾ ਸੰਤ ਕਰਹਿ ਹਰਿ ਰੰਗਾ ॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥
ਸਾਚ ਨਾਮ ਕੀ ਅੰਮ੍ਰਿਤ ਵਰਖਾ ॥
ਗੁਹਜ ਕਥਾ ਇਹ ਗੁਰ ਤੇ ਜਾਣੀ ॥
ਨਾਨਕੁ ਬੋਲੈ ਹਰਿ ਹਰਿ ਬਾਣੀ ॥ (ਪੰਨਾ—739)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥
ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ ॥
ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ॥
ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ ॥
ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ ਭ੍ਰਮਾਦ ॥ (ਪੰਨਾ—1226)

ਆਉ ਜੀ ਤੂ ਆਉ ਹਮਾਰੈ ਹਰਿ ਜਸਿ ਸ੍ਰਵਨ ਸੁਨਾਵਨਾ ॥
ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥
ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥
ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥
ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥
ਨਉਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥
ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥
ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ ॥
ਕਹੁ ਨਾਨਕ ਗੁਰ ਚਲਤ ਦਿਖਾਇਆ ਮਨ ਮਧੇ ਹਰਿ ਹਰਿ ਰਾਵਨਾ ॥

(ਪੰਨਾ—1018)

(ਸਮਾਪਤ)